# ਆਉ ਸੀਸ ਭੇਟ ਕਰੀਏ

## ਅਤੇ ਹੋਰ ਲੇਖ



ਅਮਰਜੀਤ ਸਿੰਘ ਸੰਧੂ



# ਆਉ ਸੀਸ ਭੇਟ ਕਰੀਏ

ਸ੍ਰੀ ਆਨੰਦਪੁਰ ਸਾਹਿਬ, ਜਿੱਥੇ ਅੱਜ ਕੱਲ ਗੁਰਦੁਆਰਾ ਤੱਖ਼ਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਤ ਹੈ, ਉੱਥੇ ਮੇਰੇ ਕਲਗੀਧਰ ਪਾਤਸ਼ਾਹ ਨੇ ਭਰੇ ਦਰਬਾਰ ਵਿੱਚ ਗੁਰ ਸਿੱਖਾਂ ਪਾਸੋ ਸੀਸ ਮੰਗੇ ਸਨ।

ਸੀਸ ਤਾ ਯਮਰਾਜ ਵੀ ਆ ਕੇ ਮੰਗ ਲਵੇ ਤਾਂ ਲੈ ਕੇ ਹੀ ਜਾਂਦਾ ਹੈ। ਸੀਸ ਤਾਂ ਕਈ ਵਾਰ ਮਮੂਲੀ ਜਿਹੇ ਝਗੜੇ ਵਿਚ ਵੀ ਲੱਥ ਜਾਂਦੇ ਹਨ। ਜੋਸ਼ ਵਿਚ ਆ ਕੇ ਸੀਸ ਦੇ ਦੇਣਾ ਜਾ ਗੁਵਾ ਬੈਣਾ ਸੌਖਾ ਹੈ। ਅਨੇਕ ਯੋਧਿਆ ਨੇ ਆਪਣੇ ਰਾਜ ਦੀ ਰਾਖੀ ਲਈ ਜਾਂ ਰਾਜ ਦੀ ਪ੍ਰਾਪਤੀ ਲਈ ਆਪਣੇ ਸਿਰ ਲੁਹਾ ਲਏ। ਅਨੇਕ ਸੂਰਬੀਰਾਂ ਆਪਣੀ ਹੈਂਕੜ ਕਾਇਮ ਰੱਖਣ ਜਾਂ ਅਣਖ ਬਰਕਰਾਰ ਰੱਖਣ ਵਾਸਤੇ ਸਿਰ ਧੜ ਦੀ ਬਾਜ਼ੀ ਲਾ ਦਿੱਤੀ। ਅਣਗਿਣਤ ਬਲਵਾਨਾਂ ਨੇ ਧਨ, ਜਾਇਦਾਦ ਜਾਂ ਔਰਤ ਪ੍ਰਾਪਤੀ ਵਾਸਤੇ ਆਪਣੇ ਸਿਰਾ ਦੇ ਰੂਪ ਵਿਚ ਕੀਮਤਾਂ ਤਾਰੀਆਂ। ਇਹ ਸਭ ਸੌਦੇ ਗਰਮ ਜੋਸ਼ੀ ਵਿਚ ਨੇਪਰੇ ਚੜੇ ਹੁੰਦੇ ਹਨ ਤੇ ਗੁੱਸੇ ਵਿਚ ਆ ਕੇ ਸਿਰ ਲੁਹਾ ਲੈਣਾ ਜਰਾ ਸੌਖੀ ਗੱਲ ਹੈ। ਕਈ ਵਾਰ ਤਾ ਇਨਸਾਨ ਆਪਣੇ ਵਿਰੋਧੀ ਦਾ ਸਿਰ ਲੈਣ ਵਾਸਤੇ ਏਨਾਂ ਕਾਹਲਾ ਹੁੰਦਾ ਹੈ ਕਿ ਉਸਨੂੰ ਪਤਾ ਹੀ ਨਹੀ ਲਗਦਾ ਕਿ ਕਦੋ ਉਸਦਾ ਆਪਣਾ ਸਿਰ ਕਲਮ ਹੋ ਗਿਆ। ਪਰ ਸਤਿਗੁਰ ਸੱਚੇ ਪਾਤਸ਼ਾਹ ਨੇ ਤਾਂ ਭਰੇ ਦੀਵਾਨ ਵਿਚ ਕੀਰਤਨ ਅਤੇ ਵਿਖਿਆਨਾਂ ਨੂੰ ਇਕ ਮਨ ਇਕ ਚਿਤ ਹੋ ਕੇ ਸੁਣ ਰਹੀ ਸੰਗਤ ਦੇ ਸਾਹਮਣੇ ਇਕ ਦਮ ਇਹ ਸੁਆਲ ਆ ਕੀਤਾ ਸੀ ਕਿ ਸਾਨੂੰ ਇਕ ਸੀਸ ਚਾਹੀਦਾ ਹੈ।

ਦਾਤਾਰ ਪਾਤਸ਼ਾਹ ਆਪਣੇ ਸਿੱਖਾਂ ਪਾਸੋ ਕੁਝ ਮੰਗ ਰਹੇ ਸਨ। ਜਦ ਕੋਈ ਦਾਤਾ ਕੁਝ ਮੰਗਦਾ ਹੈ ਤਾਂ ਕੋਈ ਛੋਟੀ ਮੋਟੀ ਵਸਤੂ ਨਹੀ ਮੰਗਦਾ। ਉਸ ਨੇ ਰੋਜ਼ ਰੋਜ਼ ਤਾਂ ਕੁਝ

ਮੰਗਣਾ ਨਹੀ ਹੁੰਦਾ। ਇਸ ਲਈ ਜਦੋ ਮੰਗਦਾ ਹੈ ਤਾਂ ਕੋਈ ਸਿਰੇ ਦੀ ਹੀ ਚੀਜ਼ ਮੰਗਦਾ ਹੈ, ਸਿਰੇ ਦੀ ਚੀਜ਼, ਸਿਰ ਵਰਗੀ ਚੀਜ਼, ਸੀਸ ਵਰਗੀ ਚੀਜ਼। ਸੋ ਸਤਿਗੁਰਾਂ ਨੇ ਇਕ ਸੀਸ ਦੀ ਮੰਗ ਕੀਤੀ। ਇਥੇ ਸੀਸ ਜ਼ੋਸ਼ ਵਿਚ ਨਹੀ ਸੀ ਦਿੱਤਾ ਜਾ ਸਕਦਾ ਕਿਉ ਕਿ ਇਹ ਕੋਈ ਮੈਦਾਨੇ ਜੰਗ ਨਹੀ ਸੀ। ਸੱਜਿਆਂ ਹੋਇਆ ਦੀਵਾਨ ਸੀ, ਜਿੱਥੇ ਗੁਰਮਤਿ ਬਾਰੇ ਵਿਚਾਰਾਂ ਹੋ ਰਹੀਆਂ ਸਨ। ਇੱਥੇ ਜੋ ਵੀ ਲਿਆ ਦਿੱਤਾ ਜਾਣਾ ਸੀ ਵਿਚਾਰ ਕੇ ਲਿਆ ਦਿੱਤਾ ਜਾਣਾ ਸੀ। ਤੇ ਸੀਸ ਵਰਗੀ ਚੀਜ਼ ਦੇਣ ਲੱਗਿਆਂ ਤਾਂ ਸੌ ਵਾਰ ਵਿਚਾਰਿਆ ਜਾਣਾ ਸੀ। ਸੋਚ ਵਿਚਾਰ ਕੇ ਸੀਸ ਦੇ ਦੇਣਾ ਬਹੁਤ ਮੁਸ਼ਕਿਲ ਕੰਮ ਹੈ। ਪਰ ਕਰਨ ਵਾਲਿਆ ਨੇ ਇਹ ਕੰਮ ਵੀ ਕੀਤਾ। ਕੀਤਾ ਉਹਨਾਂ ਨੇ ਜਿਹਨਾ ਦਿੜ੍ਹ ਕਰ ਲਿਆ ਸੀ ਕਿ-'ਹੁਕਮੁ ਮੰਨਿਐ,ਪਾਈਐ।' ਗੁਰੂ ਨੂੰ, ਵਾਹਿਗੁਰੂ ਨੂੰ ਉਹਨਾਂ ਦਾ ਹੁਕਮ ਮੰਨਣ ਨਾਲ ਹੀ ਪਾਇਆ ਜਾ ਸਕਦਾ ਹੈ। ਗੱਲ ਬੜੀ ਵਿਚਾਰ ਵਾਲੀ ਸੀ। ਇੱਕ ਪਾਸੇ ਆਪਣਾ ਸੀਸ ਲਾਹ ਕੇ ਦੇ ਦੇਣ ਦੀ ਗੱਲ ਸੀ ਤੇ ਦੂਜੇ ਪਾਸੇ ਸਤਿਗੁਰਾਂ ਨੂੰ ਪ੍ਰਾਪਤ ਕਰ ਲੈਣ ਦੀ ਗੱਲ ਸੀ। ਵਿਚਰਨ ਵਾਲੀ ਗੱਲ ਇਹ ਸੀ ਕਿ ਗੁਰਸਿੱਖ ਵਾਸਤੇ ਜਰੂਰੀ ਸਿਰ ਸੀ ਜਾ ਸਤਿਗੁਰ? ਜਿਨ੍ਹਾ ਦੇ ਵਿਚਾਰ ਵਿਚ ਸਤਿਗੁਰ ਦਾ ਪੱਲੜਾ ਸਿਰ ਨਾਲੋਂ ਭਾਰੀ ਰਿਹਾ ਉਹਨਾਂ ਨੇ ਹੱਸ ਹੱਸ ਕੇ ਸੀਸ ਭੇਟ ਕਰ ਦਿੱਤੇ। ਉਹਨਾ ਸੋਚਿਆ ਸਿਰ ਦਾ ਕੀ ਹੈ?ਇਸ ਨੇ ਅੱਜ ਨਹੀ ਤਾ ਕੱਲ ਮਿੱਟੀ ਵਿਚ ਮਿਲ ਹੀ ਜਾਣਾ ਹੈ।

ਫਰੀਦਾ ਮੈ ਭੋ ਲਾਵਾ ਪੱਗ ਦਾ ਮਤੁ ਮੈਲੀ ਹੋ ਜਾਇ॥
ਗਹਿਲਾ ਰੂਹ ਨਾ ਜਾਣਦੀ, ਸਿਰ ਭੀ ਮਿਟੀ ਖਾਇ॥

ਸਿਰ ਤਾ ਸ਼ਾਇਦ ਅਗਲੀ ਜੂਨ ਵਿਚ ਵੀ ਮਿਲ ਜਾਵੇ ਮਾੜਾ ਚੰਗਾ, ਪਰ ਸਤਿਗੁਰ ਫਿਰ ਨਹੀ ਮਿਲਨਾ। ਕਿਉਂ ਕਿ-'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ'। ਗੋਬਿੰਦ ਉਦੋ ਮਿਲਦਾ ਹੈ ਜਦ ਪੂਰਾ ਸਤਿਗੁਰ ਮਿਲ ਪਵੇ ਤੇ ਫਿਰ-'ਮਿਲ ਗੁਰ ਪੂਰੇ ਹਰ ਪਾਇਆ... ....।' ਸੋ ਭਾਈ ਜੇ ਇਸੇ ਹੀ ਬਰੀਆ (ਵਾਰੀ)ਵਿਚ ਗੋਬਿੰਦ ਨੂੰ ਮਿਲਨਾ ਹੈ ਤਾਂ ਸਤਿਗੁਰ ਦੀ ਪ੍ਰਾਪਤੀ ਦਾ ਇਹ ਸੁਨਿਹਰੀ ਮੌਕਾ ਕਦਾ ਚਿੱਤ ਹੱਥੋ ਨਾ ਜਾਵੇ। ਇੰਜ ਸੀਸ ਭੇਟ ਕਰ ਦਿੱਤੇ ਗਏ। ਸੀਸ ਗੁਰ ਚਰਨਾਂ ਵਿਚ ਪ੍ਰਵਾਨ ਹੋਏ ਤੇ ਸਿੰਘਾਂ ਦੀ ਗੋਬਿੰਦ ਦੇ, ਆਕਾਲ ਪੁਰਖ ਦੇ ਚਰਨਾਂ ਤੱਕ ਪਹੁੰਚ ਹੋ ਗਈ। ਵਿਛੋੜੇ ਮਿਟ ਗਏ। ਆਰਦਾਸਾਂ ਪੂਰੀਆਂ ਹੋਈਆਂ-

'ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥'

ਪਰ ਜਿਨ੍ਹਾ ਨੇ ਸੀਸ ਭੇਟ ਕਰਨ ਤੋ ਇਨਕਾਰ ਕੀਤਾ ਸੀ, ਉਹ ਮਗਰੋ ਬੜੇ ਪਛਤਾਏ। ਪਛਤਾਏ ਇਹ ਵੇਖਕੇ ਕਿ ਸੀਸ ਭੇਟ ਕਰਨ ਵਾਲੇ ਤਾਂ ਨਵੇ ਰੂਪ ਵਿਚ ਫਿਰ ਸਾਹਮਣੇ ਖੜੇ ਸਨ। ਜੇ ਉਹਨਾਂ ਨੇ ਗੁਰੂ ਨੂੰ ਸੀਸ ਦਿੱਤੇ ਸਨ ਤਾਂ ਗੁਰੂ ਨੇ ਵੀ ਉਹਨਾਂ ਨੂੰ ਨਵੇ ਨਕੋਰ ਸੀਸ ਦੇ ਕੇ ਨਿਵਾਜ਼ਿਆ ਸੀ ਤੇ ਨਿਵਾਜ਼ਿਆ ਸੀ ਉਹਨਾਂ ਨੂੰ ਆਪਣੇ 'ਪਿਆਰੇ' ਕਹਿ ਕੇ। ਪਿੱਛੇ ਰਹਿ ਜਾਣ ਵਾਲੇ ਬਹੁਤ ਪਛਤਾਏ ਕਿ ਕਾਸ਼ ਅਸੀ ਵੀ ਸੀਸ ਭੇਟ ਕਰ ਦਿੰਦੇ। ਪਰ ਖਾਲਸਾ ਜੀ ਸੀਸ ਤਾ ਗੁਰੂ ਸਦਾ ਹੀ ਮੰਗਦਾ ਹੈ। ਵੇਲਾ ਨਹੀ ਲੰਘਿਆ। ਸੀਸ ਤਾਂ ਹੁਣ ਵੀ ਭੇਟ ਕੀਤੇ ਜਾ ਸਕਦੇ ਹਨ।

ਵੈਸੇ ਸੀਸ ਭੇਟ ਕਰਨ ਦਾ ਸਿਲਸਿਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋ ਸ਼ੁਰੂ

ਨਹੀ ਹੋਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਤੋ ਵੀ ਨਹੀ। ਸ਼ਹੀਦਾ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਤੋ ਵੀ ਨਹੀ। ਖਾਲਸਾ ਜੀ, ਗੁਰਸਿੱਖੀ ਵਿਚ ਸੀਸ ਭੇਟ ਕਰਨ ਦਾ ਸਿਲਸਿਲਾ ਸਿੱਖ ਧਰਮ ਦੇ ਨਾਲ ਹੀ ਸ਼ੁਰੂ ਹੋ ਗਿਆ ਸੀ। ਸਭ ਤੋ ਪਹਿਲਾ ਆਪਣੇ ਸਤਿਗੁਰ ਦੇ ਚਰਨਾਂ ਵਿਚ ਸੀਸ ਭੇਟ ਕੀਤਾ ਸੀ ਕਲਿ ਤਾਰਨ ਹਾਰੇ ਸਤਿਗੁਰ ਨਾਨਕ ਦੇਵ ਜੀ ਨੇ।

ਗੁਰਮੁਖ ਪਿਆਰਿਓ ਸੀਸ ਭੇਟ ਕੀ ਹੈ? ਸੀਸ ਨੂੰ ਭੇਟ ਕਰ ਦੇਣਾ ਕਿਸ ਨੂੰ ਕਹਿੰਦੇ ਹਨ? ਇਹ ਵਿਚਾਰਨ ਤੋ ਪਹਿਲਾਂ ਆਪਾ ਇਹ ਵਿਚਾਰੀਏ ਕਿ 'ਸੀਸ' ਹੈ ਕੀ? ਕੇਵਲ ਖੋਪਰੀ ਤੇ ਉਸ ਉਤਲੀ ਥੋੜੀ ਜਿਹੀ ਚਮੜੀ ਨੂੰ ਸੀਸ ਨਹੀ ਕਿਹਾ ਜਾ ਸਕਦਾ। ਸੀਸ ਤਾਂ ਉਸ ਮਹਾਨ ਸ਼ਕਤੀ ਦਾ ਨਾਮ ਹੈ, ਜੋ ਆਕਾਲ ਪੁਰਖ ਪਿਤਾ ਨੇ ਸਾਡੀ ਖੋਪਰੀ ਵਿਚ ਲੁਕਾ ਰੱਖੀ ਹੈ। ਤੇ ਉਹ ਹੈ ਸਾਡੀ ਸੋਚਣ ਸ਼ਕਤੀ, ਸਾਡਾ ਦਿਮਾਗ਼, ਸਾਡਾ ਮਨ, ਸਾਡੀ ਮਤ। ਮਨ ਤੇ ਦਿਲ ਨੂੰ ਰਲ ਗਡ ਨਹੀ ਕਰਨਾ ਚਾਹੀਦਾ। ਦਿਲ ਤਾ ਕੇਵਲ ਖ਼ੂਨ ਨੂੰ ਪੰਪ ਹੀ ਕਰਦਾ ਹੈ, ਮਨ ਮਹਿਸੂਸ ਕਰਦਾ ਹੈ, ਸੋਚਦਾ ਹੈ, ਸਮਝਦਾ ਹੈ। ਮਨ ਦਾ ਸੰਬੰਧ ਸਾਡੇ ਦਿਲ ਨਾਲ ਨਹੀ, ਦਿਮਾਗ਼ ਨਾਲ ਹੈ। ਦਿਮਾਗ਼ ਅਤੇ ਉਸ ਦੇ ਨਾਲ ਲਗਦੀਆਂ ਸਾਡੀਆਂ ਵੇਖਣ, ਸੁਣਨ, ਸੁੰਘਣ ਤੇ ਚੱਖਕੇ ਸੁਆਦ ਮਹਿਸੂਸ ਕਰਨ ਵਾਲੀਆਂ ਸ਼ਕਤੀਆਂ ਮਿਲਕੇ ਹੀ ਸਾਡਾ ਸਿਰ ਬਣਦਾ ਹੈ। ਇੰਜ ਸਿਰ ਝੁਕਾ ਦੇਣ ਦਾ ਮਤਲਬ ਹੈ ਕਿ ਆਪਣੀ ਸੋਚ ਸ਼ਕਤੀ ਨੂੰ ਦੂਜੇ ਦੇ ਅੱਗੇ ਨੀਵਾਂ ਕਰ ਦੇਣਾ। ਆਪਣੀ ਸੋਚ ਸ਼ਕਤੀ ਨੂੰ ਦੂਜੇ ਦੇ ਅਧੀਨ ਕਰ ਦੇਣਾ। ਬਈ–'ਤੂੰ ਮੇਰੇ ਤੋ ਵੱਧ ਸਿਆਣਾ ਹੈ, ਹੁਣ ਤੂੰ ਜਿਵੇਂ ਕਹੇਗਾ ਮੈਂ ਉਵੇ ਹੀ ਕਰਾਂਗਾ। ਮੈਂ ਆਪਣੀ ਅਧੂਰੀ ਸਮਝ ਨੂੰ ਅੱਜ ਤੋ ਵਰਤਣਾ ਹੀ ਛੱਡਿਆ। ਅੱਜ ਤੋ ਮੈਂ ਤੇਰੀ ਮਤ ਅਨੁਸਾਰ ਹੀ ਚੱਲਾਗਾ।' ਇਹ ਹੈ ਸੀਸ ਭੇਟ। ਆਪਣੀ ਮਨ ਮਤਿ ਨੂੰ ਛੱਡ ਕੇ ਗੁਰ ਮਤਿ ਧਾਰਨ ਕਰਨੀ ਹੀ ਆਪਣੇ ਗੁਰੂ ਜੀ ਨੂੰ ਸੀਸ ਭੇਟ ਕਰਨਾ ਹੈ। ਤੇ ਇਹ ਸ਼ੁਭ ਕਰਮ ਗੁਰ ਸਿੱਖੀ ਵਿਚ ਸਭ ਤੋ ਪਹਿਲਾਂ ਸਤਿਗੁਰ ਨਾਨਕ ਦੇਵ ਜੀ ਨੇ ਕੀਤਾ।

'ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨ ਵੇ ਲਾਲੋ।'

ਸਤਿਗੁਰ ਸੱਚੇ ਪਾਤਸ਼ਾਹ ਫਰਮਾਉਂਦੇ ਹਨ ਕਿ ਹੇ ਲਾਲੋ, ਜਿਹੋ ਜਿਹੀ ਬਾਣੀ ਮੇਰੇ ਖਸਮ (ਮਾਲਕ)ਵੱਲੋਂ ਆਉਂਦੀ ਹੈ, ਜੋ ਮੇਰਾ ਮਾਲਿਕ ਮੈਨੂੰ ਦੱਸਦਾ ਹੈ, ਮੈਂ ਉਸੇ ਤਰਾ ਹੀ ਅੱਗੇ ਬਿਆਨ ਕਰ ਰਿਹਾ ਹਾਂ। ਭਾਵ ਕਿ ਮੈਂ ਆਪਣੀ ਮਤਿ ਨਹੀ ਵਰਤ ਰਿਹਾ, ਇਹ ਮਤਿ ਮੇਰੇ ਸਤਿਗੁਰੂ ਅਕਾਲ ਪੁਰਖ ਦੀ ਹੈ। ਮੈਂ ਤਾ ਆਪਣੀ ਮਤਿ ਸਤਿਗੁਰੂ ਜੀ ਦੇ ਚਰਨਾਂ ਵਿਚ ਭੇਟ ਕਰ ਛੱਡੀ ਹੈ।' ਇਹ ਪਹਿਲੀ ਗਵਾਹੀ ਹੈ, ਮਤਿ ਭੇਟ ਕਰ ਦੇਣ ਦੀ, ਸੀਸ ਭੇਟ ਕਰ ਦੇਣ ਦੀ।

ਸੀਸ ਭੇਟ ਕਰ ਦੇਣਾ ਕਿਸ ਤਰਾ ਦਾ ਕਰਮ ਹੈ? ਸੀਸ ਭੇਟ ਕਰ ਦੇਣ ਦਾ ਲਾਭ ਕੀ ਹੈ? ਆਉ ਇਕ ਮਿਸਾਲ ਰਾਹੀ ਸਮਝਣ ਦੀ ਕੋਸ਼ਿਸ਼ ਕਰੀਏ:–ਇਕ ਬੱਚਾ ਸੜਕ ਤੇ ਤੁਰਿਆ ਜਾ ਰਿਹਾ ਹੈ। ਅਗਲੇ ਪਾਸਿਓ ਹਨੇਰੀ ਚਲ ਰਹੀ ਹੈ। ਹਨੇਰੀ ਬੱਚੇ ਨੂੰ ਪਿੱਛੇ ਵੱਲ ਧੱਕਦੀ ਹੈ, ਉਸਦੇ ਕੱਪੜੇ ਵੀ ਉਲਝਾਉਂਦੀ ਹੈ ਤੇ ਉਸਦੀਆਂ ਅੱਖਾਂ ਵਿਚ ਘੱਟਾ ਵੀ ਪਾਉਂਦੀ ਹੈ। ਬੱਚੇ ਨੂੰ ਅੱਗੋ ਪਿੱਛੋ ਆਉਣ ਵਾਲੇ ਤੇਜ਼ ਰਫ਼ਤਾਰ

ਵਾਹਨਾਂ ਤੋ ਵੀ ਬਚਨਾਂ ਪੈ ਰਿਹਾ ਹੈ। ਸੱਜੇ ਖੱਬੇ ਤੋਂ ਲੰਘਣ ਵਾਲਿਆ ਤੋ ਵੀ ਸੁਚੇਤ ਰਹਿਣਾ ਪੈ ਰਿਹਾ ਹੈ। ਉਸ ਨੂੰ ਠੰਡ ਵੀ ਲੱਗ ਰਹੀ ਹੈ ਤੇ ਉਹ ਥੱਕ ਵੀ ਗਿਆ ਹੈ। ਇਹੋ ਜਿਹੀ ਅੱਤ ਦੀ ਮੁਸ਼ਕਿਲ ਹਾਲਤ ਵਿਚ ਉਸ ਵਾਸਤੇ ਰਾਹ ਦੇ ਮੋੜ ਪਛਾਨਣਾ ਵੀ ਔਖਾ ਹੋ ਰਿਹਾ ਹੈ। ਉਸਦੇ ਆਪਣੇ ਘਰ ਪਹੁੰਚ ਸਕਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਹਨ।

ਕਿਸੇ ਪਾਸਿਉਂ ਉਸ ਦਾ ਵਾਕਫ਼ ਬਜ਼ੁਰਗ ਆ ਮਿਲਦਾ ਹੈ। ਉਹ ਬੱਚੇ ਪਛਾਣ ਲੈਂਦਾ ਹੈ। ਉਹ ਉਸਨੂੰ ਚੁੱਕ ਲੈਂਦਾ ਹੈ,ਬੁੱਕਲ ਵਿਚ ਲੁਕਾ ਲੈਂਦਾ ਹੈ-'ਬੇਟਾ,ਹੁਣ ਤੂੰ ਫ਼ਿਕਰ ਨਾ ਕਰ, ਹੁਣ ਮੈਂ ਆ ਗਿਆ ਹਾਂ, ਮੈਂ ਤੈਨੂੰ ਤੇਰੇ ਘਰ ਪਹੁੰਚਾ ਦੇਵਾਗਾ।' ਬੱਚਾ ਨਿਸ਼ਚਿਤ ਹੋ ਜਾਂਦਾ ਹੈ। ਹੁਣ ਉਸਨੂੰ ਤੁਰਨਾ ਵੀ ਨਹੀ ਪੈ ਰਿਹਾ। ਅੱਗੋ, ਪਿੱਛੋ, ਸੱਜਿਉਂ, ਖੱਬਿਉਂ ਆਉਂਦੇ ਵਾਹਨਾ ਦਾ ਵੀ ਡਰ ਨਹੀਂ। ਉਹ ਨਿਸ਼ਚਿੰਤ ਹੋ ਕੇ ਬਜ਼ੁਰਗ ਦੇ ਮੋਢੇ ਲੱਗ ਕੇ ਸੌਂ ਗਿਆ ਹੈ। ਉਸਨੇ ਸੋਚਣਾ ਹੀ ਛੱਡ ਦਿੱਤਾ ਹੈ, ਡੋਰੀ ਬਜ਼ੁਰਗ ਤੇ ਛੱਡ ਦਿੱਤੀ ਹੈ। ਹੁਣ ਬਜ਼ੁਰਗ ਆਪੇ ਆਪਣੀ ਮਤ ਅਨੁਸਾਰ ਉਸ ਨੂੰ ਘਰ ਪਹੁੰਚਾ ਦੇਵੇਗਾ। ਹੋ ਗਈ ਨਾ ਮੌਜ? ਇਸੇ ਪ੍ਰਥਾਇ ਗੁਰੂ ਅਮਰਦਾਸ ਜੀ ਆਨੰਦ ਸਾਹਿਬ ਵਿਚ ਹੁਕਮ ਕਰਦੇ ਹਨ-'ਐਸਾ ਸਤਿਗੁਰੁ ਜੇ ਮਿਲੈ, ਤਿਸ ਨੋ ਸਿਰ ਸਉਪੀਐ, ਵਿਚਹੁ ਆਪੁ ਜਾਇ।' ਇਸ ਪਾਉੜੀ ਵਿਚ ਦੱਸੇ ਸਤਿਗੁਰੂ ਵਰਗਾ ਸਤਿਗੁਰੂ ਜੇ ਮਿਲ ਜਾਵੇ ਤਾਂ ਉਸਨੂੰ ਸਿਰ ਸੌਂਪ ਦੇਈਏ ਤਾਂ ਆਪਣੇ ਵਿਚੋ ਆਪਣਾ ਖ਼ਤਮ ਹੋ ਜਾਂਦਾ ਹੈ,ਹਉਂ ਖ਼ਤਮ ਹੋ ਜਾਂਦੀ ਹੈ, ਮੈਂ ਖ਼ਤਮ ਹੋ ਜਾਂਦੀ ਹੈ। ਜਦ ਸੀਸ ਹੀ ਸੌਂਪ ਦਿੱਤਾ, ਆਪਣੀ ਸੋਚਣ ਸ਼ਕਤੀ ਹੀ ਗੁਰੂ ਅੱਗੇ ਅਰਪਨ ਕਰ ਦਿੱਤੀ ਤੇ ਸਪੱਸ਼ਟ ਹੋ ਗਿਆ ਕਿ ਹੁਣ ਜੋ ਸੋਚੇਗਾ, ਜੋ ਕਰੇਗਾ ਗੁਰੂ ਹੀ ਕਰੇਗਾ ਤਾਂ ਆਪਾ ਰਹਿ ਹੀ ਕਿੱਥੇ ਗਿਆ? ਹਉਮੇ ਰਹਿ ਹੀ ਕਿੱਥੇ ਗਈ? ਤੇ ਜਦ ਆਪਾ ਹੀ ਨਹੀ ਰਿਹਾ ਤਾਂ ਚਿੰਤਾ ਵੀ ਕਿਸ ਗੱਲ ਦੀ? ਤੇ ਫ਼ਿਕਰ ਵੀ ਕਿਸ ਗੱਲ ਦਾ?

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ:-

ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ॥

ਐ ਮਨ ਤੂੰ ਚਿਤਵਨੀ ਕਿਉਂ ਲਾਉਂਦਾ ਹੈ ਜਦ ਕਿ ਤੇਰੇ ਕਾਰਜਾਂ ਦਾ ਆਹਰ ਤਾਂ ਆਕਾਲ ਪੁਰਖ਼ ਆਪੇ ਕਰ ਰਿਹਾ ਹੈ। ਇਹ ਲਾਭ ਹੈ ਆਪਣੇ ਗੁਰੂ ਨੂੰ ਸੀਸ ਭੇਟ ਕਰ ਦੇਣ ਦਾ। ਜਦ ਅਸੀ ਸੋਚਣ ਵਾਲਾ, ਫਿਕਰ ਕਰਨ ਵਾਲਾ ਹਿੱਸਾ ਹੀ ਗੁਰੂ ਨੂੰ ਸੌਂਪ ਦਿੱਤਾ ਤਾਂ ਸਾਨੂੰ ਫ਼ਿਕਰ ਕਾਹਦਾ? ਫਿਕਰ ਤਾਂ ਜ਼ਿਆਦਾ ਸਿਰ ਦਾ ਹੀ ਹੁੰਦਾ ਹੈ ਨਾ, ਕਿ ਇਹ ਕਿਤੇ ਝੁਕ ਨਾ ਜਾਵੇ,ਕਿਤੇ ਫਿਸ ਨਾ ਜਾਵੇ, ਕਿਤੇ ਕੱਟਿਆ ਨਾ ਜਾਵੇ। ਤੇ ਜਦ ਸਿਰ ਹੀ ਆਪਣਾ ਨਹੀ ਤਾਂ ਫਿਕਰ ਕਾਹਦਾ? ਇਸੇ ਬੇਫ਼ਿਕਰੀ ਵਿੱਚੋ ਸਿੱਖ ਕੌਮ ਨੂੰ ਨਿਡਰਤਾ ਤੇ ਬਹਾਦਰੀ ਦੀ ਦਾਤ ਮਿਲੀ ਹੈ।

ਹਾਂ ਆਪਾ ਵਿਚਾਰ ਕਰ ਰਹੇ ਸੀ ਕਿ ਪਹਿਲਾ ਸੀਸ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਤਿਗੁਰੂ ਅਕਾਲ ਪੁਰਖ਼ ਅੱਗੇ ਭੇਟ ਕੀਤਾ ਸੀ। ਤੇ ਸਤਿਗੁਰੂ ਨਾਨਕ ਦੇਵ ਜੀ ਤੋ ਸੀਸ ਭੇਟ ਕਰਨ ਦੀ ਪ੍ਰੰਪਰਾ ਲਗਾਤਾਰ ਅੱਗੇ ਵਧੀ। ਹਰ ਗੁਰਸਿੱਖ ਨੇ ਆਪਣਾ ਸੀਸ ਸਤਿਗੁਰਾਂ ਦੇ ਚਰਨਾਂ ਵਿਚ ਭੇਟ ਕਰ ਦਿੱਤਾ। ਤੇ ਜੋ ਇੰਜ ਨਾ ਕਰ

ਸਕਿਆ ਉਹ ਗੁਰ ਸਿੱਖ ਨਾ ਬਣ ਸਕਿਆ, 'ਮਨ ਸਿੱਖ' ਹੀ ਰਹਿ ਗਿਆ।

ਭਾਈ ਲਹਿਣਾ ਜੀ ਨੇ ਆਪਣਾ ਸੀਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਭੇਟ ਕੀਤਾ ਤਾਂ ਗੁਰਗੱਦੀ ਪਾਈ। ਸਤਿਗੁਰ ਨਾਨਕ ਦੇਵ ਜੀ ਨੇ ਸਾਹਿਬਜ਼ਾਦਾ ਸ੍ਰੀ ਚੰਦ ਅਤੇ ਲਕ਼ਮੀ ਦਾਸ ਜੀ ਨੂੰ ਹੁਕਮ ਕੀਤਾ ਕਿ ਚੋਂਦੇ ਹੋਏ ਚਿੱਕੜ ਨਾਲ ਲਿੱਬੜੀ (ਘਾਹ ਫੂਸ) ਦੀ ਪੰਡ ਸਿਰ ਤੇ ਚੁੱਕ ਕੇ ਖੇਤ ਤੋ ਡੇਰੇ ਤੱਕ ਲੈ ਚੱਲੋ। ਸਾਹਿਬਜ਼ਾਦਿਆਂ ਕਿਹਾ-'ਸਾਡੇ ਕੱਪੜੇ ਖਰਾਬ ਹੋ ਜਾਣਗੇ।' ਪਰ ਜਦੋ ਲਹਿਣਾ ਜੀ ਨੂੰ ਹੁਕਮ ਹੋਇਆ ਤਾਂ ਉਹਨਾਂ ਫੌਰਨ ਪੰਡ ਸਿਰ ਤੇ ਚੁੱਕ ਲਈ। ਮਾਤਾ ਸੁਲੱਖਣੀ ਜੀ ਨੇ ਕਿਹਾ-"ਹੁਣੇ ਤਾਂ ਉਹ ਪਿੰਡੋਂ ਆਇਆ ਹੈ, ਸੋਹਣੇ ਕੱਪੜੇ ਪਾਏ ਹੋਏ ਨੇ, ਤੁਸਾ ਉਹਨੂੰ ਚਿੱਕੜ ਚੁਕਾ ਦਿੱਤਾ ਹੈ।' ਤਾਂ ਸਤਿਗੁਰ ਬੋਲੇ-'ਇਹ ਚਿਕੜ ਨਹੀਂ, ਇਹਦੇ ਵਾਸਤੇ ਇਹ ਕੇਸਰ ਹੈ।' ਲਹਿਣਾ ਜੀ ਨੇ ਸੋਚਿਆ ਜਦ ਸਤਿਗੁਰ ਜੀ ਕੇਸਰ ਕਹਿੰਦੇ ਹਨ ਤਾਂ ਕੇਸਰ ਹੀ ਹੋਵੇਗਾ। ਸਤਿਗੁਰੂ ਅਥਾਹ ਅਕਲਾਂ ਦੇ ਧਨੀ ਹਨ, ਮੈਨੂੰ ਬੇਕਲ ਨੂੰ ਕੀ ਪਤਾ ਕਿ ਇਹ ਕੀ ਹੈ?(ਮੇਰੀ ਮਤਿ ਥੋਰੀ ਰਾਮ॥)ਜਦ ਆਪਣੀ ਮਤ ਹੀ ਗੁਰੂ ਦੇ ਚਰਨਾਂ ਵਿਚ ਰੱਖ ਦਿੱਤੀ,ਸਿਰ ਹੀ ਗੁਰੂ ਦਾ ਹੋ ਗਿਆ ਤਾਂ ਉਸ ਸਿਰ ਤੇ ਗੁਰੂ ਜੀ ਕੇਸਰ ਪਾਉਣ ਤੇ ਭਾਵੇਂ ਚਿੱਕੜ ਪਾਉਂਣ, ਕੀ ਫ਼ਰਕ ਪੇਦੈ ਆਪਾਂ ਨੂੰ? ਸੀਸ ਭੇਟ ਕਰਕੇ ਹੀ ਭਾਈ ਲਹਿਣਾ ਜੀ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਬਣੇ।

ਸ੍ਰੀ ਗੁਰੂ ਅਮਰਦਾਸ ਜੀ ਦੇ ਦੋ ਸਪੁੱਤਰ ਸਨ ਅਤੇ ਦੋ ਹੀ ਜਵਾਈ ਸਨ। ਪੁੱਤਰਾਂ ਨੂੰ ਤਾਂ ਸਤਿਗੁਰਾਂ ਬਿਲਕੁੱਲ ਗੁਰਗੱਦੀ ਦੇ ਕਾਬਲ ਨਹੀਂ ਸਮਝਿਆ ਕਿਉਂ ਕਿ ਉਹਨਾਂ ਵਿੱਚ 'ਗੁਰੂ ਪੁੱਤਰ' ਹੋਣ ਦਾ ਹੰਕਾਰ ਸੀ। ਜਦ ਕਿ ਜਵਾਈ ਦੋਵੇ ਹੀ ਚੰਗੇ ਸੇਵਾਦਾਰ ਸਨ। ਪਰ ਜਿੱਥੇ ਛੋਟੇ ਜਵਾਈ, ਭਾਈ ਜੇਠਾ ਜੀ ਪੂਰੇ ਆਗਿਆਕਾਰ ਅਤੇ ਸੇਵਾ ਦੇ ਪੁੰਜ ਸਨ ਉੱਥੇ ਵੱਡੇ ਜਵਾਈ ਭਾਈ ਰਾਮਾ ਜੀ ਭਾਵੇਂ ਗੁਰੂ ਘਰ ਦਾ ਸਾਰਾ ਪ੍ਰਬੰਧ ਬੜੀ ਸਿਆਣਪ ਨਾਲ ਚਲਾਉਂਦੇ ਸਨ ਪਰ ਆਪਣੇ ਆਪ ਨੂੰ ਸਿਆਣਾ 'ਸਮਝਦੇ' ਵੀ ਸਨ। ਮਤਲਬ ਕਿ ਮਨ,ਮਤਿ ਸਤਿਗੁਰ ਦੇ ਹਵਾਲੇ ਨਹੀਂ ਕਰ ਸਕੇ। ਸੀਸ ਭੇਟ ਨਹੀਂ ਕਰ ਸਕੇ। ਸ੍ਰੀ ਗੁਰੂ ਅਮਰਦਾਸ ਜੀ ਨੇ ਦੋਹਾਂ ਜੁਵਾਈਆਂ ਨੂੰ ਦੋ ਥੜ੍ਹੇ ਬਣਾਉਣ ਵਾਸਤੇ ਕਿਹਾ। ਦੋਹਾਂ ਜੁਆਈਆਂ ਨੇ ਥੜ੍ਹੇ ਸਤਿਗੁਰਾਂ ਦੇ ਦੱਸੇ ਅਨੁਸਾਰ ਤਿਆਰ ਕੀਤੇ। ਪਰ ਸਤਿਗੁਰਾਂ ਨੇ ਫਿਰ ਢਾਹ ਕੇ ਬਣਾਉਣ ਨੂੰ ਕਿਹਾ ਕਿ ਠੀਕ ਨਹੀਂ ਬਣੇ। ਭਾਈ ਜੇਠਾ ਜੀ ਨੇ 'ਜੋ ਹੁਕਮ' ਕਹਿ ਕੇ ਥੜਾ ਢਾਹ ਦਿੱਤਾ ਤੇ ਫਿਰ ਬਨਾਉਣ ਲੱਗ ਪਏ। ਪਰ ਭਾਈ ਰਾਮਾ ਜੀ ਨੇ ਥੜਾ ਢਾਹ ਕਿ ਬਣਾਇਆ ਤਾ ਜ਼ਰੂਰ, ਪਰ ਢਾਹੁਣ ਵੇਲੇ ਇਹ ਤਰਕ ਵੀ ਕੀਤਾ ਕਿ,'ਆਪ ਜੀ ਦੇ ਕਹੇ ਅਨੁਸਾਰ ਹੀ ਤਾਂ ਬਣਾਇਆ ਹੈ।' ਥੜੇ ਦੋ ਵਾਰ ਫਿਰ ਢੁਹਾ ਦਿੱਤੇ ਗਏ ਕਿ ਅਜੇ ਵੀ ਠੀਕ ਨਹੀਂ ਬਣੇ। ਤਾਂ ਭਾਈ ਰਾਮਾ ਜੀ ਕਹਿਣ ਲੱਗੇ,'ਬਾਪੂ ਜੀ, ਤੁਸੀਂ ਸੱਤਰੇ ਬਹੱਤਰੇ ਗਏ ਹੋ, ਥੜੇ ਤਾਂ ਮੈਂ ਆਪ ਜੀ ਦੇ ਕਹਿਣ ਅਨੁਸਾਰ ਹੀ ਬਣਾਉਂਦਾ ਹਾਂ, ਪਰ ਤੁਹਾਡੇ ਪਸੰਦ ਹੀ ਨਹੀਂ ਆਉਂਦੇ।' ਦੂਜੇ ਪਾਸੇ ਭਾਈ ਜੇਠਾ ਜੀ ਚਰਨੀਂ ਡਿੱਗੇ ਤੇ ਬੇਨਤੀ ਕੀਤੀ-'ਗੁਰੂ ਪਿਤਾ ਮੇਰੀ ਮਤਿ ਥੋੜ੍ਹੀ ਹੈ। ਮੈਂ ਬੇਸਮਝ ਹਾਂ। ਮੈਂ ਸਮਝ ਨਹੀਂ ਸਕਿਆ। ਆਪ ਮੈਨੂੰ ਮੂਰਖ ਨੂੰ ਦੁਬਾਰਾ ਚੰਗੀ ਤਰਾਂ ਸਮਝਾ ਦਿਉ। (ਤੂੰ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥) ਆਪਣੀ ਮਤਿ ਗੁਰੂ ਦੀ ਮਤਿ ਦੇ ਮਤਹਿਤ ਕਰ ਦਿੱਤੀ। ਸੀਸ ਭੇਟ ਹੋ

ਗਿਆ। ਗੁਰਿਆਈ ਪ੍ਰਾਪਤ ਹੋਈ।

ਇਸੇ ਤਰਾਂ ਸਿੰਘਾਂ ਨੇ ਵੀ ਸਿਰ ਦੇਕੇ ਸਰਦਾਰੀਆਂ ਪ੍ਰਾਪਤ ਕੀਤੀਆਂ। ਜਿਨਾਂ ਮਹਾਂਪੁਰਖਾਂ ਨੇ ਸਤਿਗੁਰੂ ਨੂੰ ਸੀਸ ਭੇਟ ਕਰ ਦਿੱਤੇ, ਉਹ ਨਾਲੇ ਤਾ ਸਾਰੇ ਫਿਕਰਾਂ ਤੋ ਮੁਕਤ ਹੋ ਗਏ, ਨਾਲੇ ਉੱਚ ਆਤਮਿਕ-ਅਵਸਥਾ ਦੇ ਮਾਲਿਕ ਬਣੇ। ਸੋ ਭਾਈ, ਜੇ ਬੇਫ਼ਿਕਰੀ ਦਾ ਸੱਚਾ ਸੁੱਚਾ ਜੀਵਨ ਜੀਉਣਾ ਹੈ ਤਾਂ ਆਉ ਅੱਜ ਆਪਣਾ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰ ਦੇਈਏ ਤੇ ਗੁਰੂ ਦੀ ਮੱਤ 'ਗੁਰਮਤਿ' ਅਨੁਸਾਰ ਚੱਲਣ ਦਾ ਪ੍ਰਣ ਕਰੀਏ। ਸਾਡੀ ਮਤਿ ਕੱਚੀ ਹੈ, ਧੋਖਾ ਖਾ ਜਾਂਦੀ ਹੈ, ਗਲਤੀ ਕਰ ਜਾਂਦੀ ਹੈ। ਗੁਰ ਮਤਿ ਸਰਵ ਉੱਤਮ ਮਤਿ ਹੈ। ਜੇ ਛੋਟੀ ਚੀਜ਼ ਦੇ ਕੇ ਵੱਡੀ ਚੀਜ਼ ਮਿਲਦੀ ਹੋਵੇ ਤਾਂ ਸੌਦਾ ਮਾੜਾ ਨਹੀਂ ਹੁੰਦਾ, ਲਾਭਦਾਇਕ ਹੁੰਦਾ ਹੈ। ਆਉ ਆਪਾਂ ਵੀ ਇਸ ਲਾਹੇ ਵੰਦ ਸੌਦੇ ਦੇ ਸੌਦਾਗਰ ਬਣੀਏ।

'ਗੁਰਮਤਿ' ਕੀ ਹੈ? ਇਹ ਆਪ ਅੱਛੀ ਤਰਾ ਜਾਣਦੇ ਹੋ। ਆਉ ਗੁਰਮਤਿ ਨੂੰ ਅਪਨਾਉਣ ਵਿਚ ਕੋਈ ਢੂੰਚਰ ਨਾ ਡਾਹੀਏ। ਕਦੀ ਇਹ ਨਾ ਆਖੀਏ ਕਿ ਗੁਰੂ ਜੀ ਇਹ ਗੱਲ ਕਹਿ ਤਾ ਗਏ ਹਨ ਪਰ ਇਸ ਤੇ ਚੱਲਣਾ ਸੰਭਵ ਨਹੀਂ। ਸਤਿਗੁਰਾਂ ਨੇ ਪਹਿਲਾਂ ਆਪ ਇਸ ਮਤਿ ਤੇ ਚੱਲਕੇ ਦੱਸਿਆ ਹੈ ਤੇ ਫਿਰ ਇਹ ਮਤਿ ਲਿਖਤੀ ਰੂਪ ਵਿਚ ਸਾਨੂੰ ਬਖ਼ਸ਼ ਕੇ ਗਏ ਹਨ। ਅੱਗੋ ਗੁਰਸਿੱਖਾ ਨੇ ਵੀ ਉਸ ਮਤਿ ਤੇ ਚੱਲ ਕੇ ਵਿਖਾਇਆ ਤੇ ਪੂਰੀ ਤਰ੍ਹਾਂ ਸਫਲ ਰਹੇ। ਗੁਰਮਤਿ ਪੂਰੀ ਤਰ੍ਹਾਂ ਅਜਮਾਈ ਹੋਈ ਦਸਤਾਵੇਜ਼ ਹੈ ਜਿਸ ਦੇ ਅਨੇਕ ਵਾਰ ਪ੍ਰੈਕਟੀਕਲ ਕਰਕੇ ਸਫਲਤਾ ਦਾ ਸਰਟੀਫੀਕੇਟ ਦਿੱਤਾ ਜਾ ਚੁੱਕਿਆ ਹੈ।

ਸੀਸ ਭੇਟ ਕਰਨ ਦਾ ਵੇਲਾ ਹੈ, ਖਾਲਸਾ ਜੀ ਆਉ ਸੀਸ ਭੇਟ ਕਰੀਏ।

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।

**ਅਮਰਜੀਤ ਸਿੰਘ ਸੰਧੂ**

421-ਦਕੋਹਾ
ਜਲੰਧਰ-144023
ਫੋਨ. 94636-13528

# ਆਉ ਸਪੀਕਰ ਲਾਈਏ

ਸਾਇੰਸ ਨੇ ਦੁਨੀਆ ਦੀ ਕਾਇਆ ਹੀ ਪਲਟ ਦਿੱਤੀ ਹੈ। ਸਿਰਫ਼ ਇਹ ਹੀ ਨਹੀ ਕਿ ਨਿੱਕੀ ਜਿਹੀ ਸੂਈ ਤੋ ਲੈ ਕੇ ਹਵਾਈ ਜਹਾਜ ਅਤੇ ਰਾਕਟਾਂ ਤੱਕ ਸਾਇੰਸ ਦੀ ਕ੍ਰਿਪਾ ਨਾਲ ਸਾਨੂੰ ਪ੍ਰਾਪਤ ਹੋਏ ਹਨ, ਸਗੋ ਜਿੱਥੇ ਆਦਿ ਕਾਲ ਵਿਚ 20-25 ਕਿਲੋਮੀਟਰ ਦੇ ਸਫਰ ਤੇ ਮਨੁੱਖ ਨੂੰ ਸਾਰਾ ਦਿਨ ਲੱਗ ਜਾਂਦਾ ਸੀ ਅੱਜ ਕੁਝ ਘੰਟਿਆਂ ਵਿਚ ਹੀ ਅਸੀਂ ਦੁਨੀਆਂ ਦੇ ਦੂਜੇ ਪਾਸਿਉ ਹੋਕੇ ਵਾਪਸ ਘਰ ਪਹੁੰਚ ਸਕਦੇ ਹਾ। ਨਾ ਸਿਰਫ ਆਪਣੀ ਧਰਤੀ ਤੇ ਹੀ ਸਗੋਂ ਅੱਜ ਅਸੀਂ ਬ੍ਰਹਿਮੰਡ ਦੀਆਂ ਦੂਜੀਆ ਧਰਤੀਆਂ ਤੇ ਵੀ ਜਾਣ ਆਉਣ ਦੇ ਸਮਰੱਥ ਹਾਂ। ਇਹ ਸਭ ਮਨੁੱਖ ਨੂੰ ਸਾਇੰਸ ਵੱਲੋ ਦਿੱਤੇ ਗਏ ਨਜ਼ਰਾਨੇ ਹਨ। ਹਾਂ-ਲਾਊਡ ਸਪੀਕਰ ਵੀ ਮਨੁੱਖ ਨੂੰ ਸਾਇੰਸ ਵੱਲੋ ਦਿੱਤਾ ਗਿਆ ਇਕ ਨਾਯਾਬ ਤੋਹਫਾ ਹੈ। ਇਹਨਾਂ ਅਦੁੱਤੀ ਤੁਹਫਿਆ ਦੀ ਵਰਤੋ ਮਨੁੱਖ ਕਿਵੇਂ ਕਰਦਾ ਹੈ, ਇਹ ਤਾਂ ਮਨੁੱਖ ਦੀ ਸਮਝ, ਭਾਵਨਾ ਅਤੇ ਜ਼ਮੀਰ ਤੇ ਹੀ ਨਿਰਭਰ ਕਰਦਾ ਹੈ।

ਲਾਊਡ ਸਪੀਕਰ ਦੀ ਕਾਢ ਕੱਢਦਿਆ ਮਨੁੱਖ ਨੇ ਸੋਚਿਆ ਹੋਵੇਗਾ ਕਿ ਇਸ ਨਾਲ ਲੋੜ ਪੈਣ ਤੇ ਮਨੁੱਖ ਦੀ ਨਿਗੁਣੀ ਜਿਹੀ ਆਵਾਜ਼ ਨੂੰ ਬਹੁਤ ਉੱਚੀ ਕਰਕੇ ਦੂਰ ਤੱਕ ਸੁਣਾਇਆ ਜਾ ਸਕੇਗਾ ਅਤੇ ਜੇ ਕਦੀ ਦੂਰ ਤੱਕ ਜਾਂ ਬਹੁਤ ਸਾਰੇ ਸਰੋਤਿਆ ਤੱਕ ਆਵਾਜ ਪਹੁੰਚਾਉਣ ਦੀ ਲੋੜ ਪਈ ਤਾਂ ਇਹ ਮਸ਼ੀਨ ਬੜੀ ਸਫ਼ਲਤਾ ਨਾਲ ਇਹ ਸੇਵਾ ਨਿਭਾ ਸਕੇਗੀ। ਪਰ ਉਸ ਵਿਚਾਰੇ ਨੂੰ ਕੀ ਪਤਾ ਸੀ ਕਿ ਉਸਦੀ ਇਹ ਸੁੱਖਦਾਇਕ ਮਸ਼ੀਨ ਮਨੁੱਖ ਵਾਸਤੇ ਹੀ ਦੁੱਖਦਾਇਕ ਸਾਬਤ ਹੋਵੇਗੀ। ਕਹਾਵਤ ਹੈ ਕਿ 'ਸੌ ਚਾਚਾ ਤੇ ਇੱਕ ਪਿਉ,ਸੌ ਦਵਾਈ ਤੇ ਇਕ ਘਿਉ।' ਪਰ ਇਹੋ ਅਸੀਮ ਗੁਣਾਂ ਵਾਲਾ ਘਿਉ ਜੇ ਜ਼ਿਆਦਾ ਮਾਤਰਾ ਵਿਚ ਖਾ ਲਿਆ ਜਾਵੇ ਤਾਂ ਨਤੀਜਾ ਆਪਜੀ ਦੇ ਸਾਹਮਣੇ ਹੋਵੇਗਾ। ਦੁੱਧ ਇਕ ਸੰਪੂਰਨ ਖੁਰਾਕ ਹੈ। ਨਾ ਕੇਵਲ ਬੱਚਾ ਹੀ ਸ਼ੁਰੂ ਦੇ ਸਾਲਾਂ ਵਿੱਚ ਸਿਰਫ ਦੁੱਧ ਤੇ ਪੂਰੀ ਤਰਾਂ ਪਲਦਾ ਤੇ ਵਧਦਾ ਫੁੱਲਦਾ ਹੈ ਸਗੋਂ ਇਨਸਾਨ ਸਾਰੀ ਉਮਰ ਵੀ ਕੇਵਲ ਦੁੱਧ ਦਾ ਹੀ ਸੇਵਨ ਕਰਕੇ ਬੜੀ ਸੋਹਣੀ ਸਿਹਤ ਨਾਲ ਜੀਵਨ ਨਿਰਬਾਹ ਕਰ ਸਕਦਾ ਹੈ। ਪਰ ਜੇ ਇਹੋ ਅੰਮ੍ਰਿਤ ਮਈ ਦੁੱਧ ਵੱਧ ਮਾਤਰਾ ਵਿਚ ਪੀ ਲਿਆ ਜਾਵੇ ਤਾਂ ਦੁਖਦਾਈ ਸਾਬਤ ਹੁੰਦਾ ਹੈ। ਇਸੇ ਤਰ੍ਹਾ ਲਾਊਡ ਸਪੀਕਰ ਦੀ ਵੀ ਅੰਨੇਵਾਹ ਵਰਤੋਂ ਨੇ ਮਨੁੱਖੀ ਜ਼ਿੰਦਗੀ ਨੂੰ ਆਨੰਦ ਪ੍ਰਦਾਨ ਕਰਨ ਦੀ ਬਜਾਏ ਬੇਚੈਨੀ ਨਾਲ ਦੁੱਬਰ ਕਰ ਛੱਡਿਆ ਹੈ।

ਇਹ ਤਾ ਠੀਕ ਹੈ ਕਿ ਕੋਈ ਵੱਡਾ ਇਕੱਠ ਹੋਣਾ ਹੋਵੇ,ਵੱਡਾ ਦੀਵਾਨ ਸੱਜਣਾ ਹੋਵੇ,ਕਾਨਫਰੰਸ ਹੋਣੀ ਹੋਵੇ , ਕੋਈ ਜ਼ਰੂਰੀ ਸੂਚਨਾ ਸਾਰੇ ਪਿੰਡ ਜਾ ਸ਼ਹਿਰ ਵਿਚ ਪਹਚਾਉਣੀ ਹੋਵੇ ਤਾਂ ਲਾਊਡ ਸਪੀਕਰ ਦੀ ਸੇਵਾ ਲੈਣੀ ਠੀਕ ਵੀ ਹੈ ਤੇ ਲਾਭਦਾਇਕ ਵੀ। ਪਰ ਇਹ ਕੀ ਹੋਇਆ ਕਿ ਵਿਆਹ ਸ਼ਾਦੀ ਵਿਚ, ਜਿੱਥੇ ਕਿ ਪਹਿਲਾ ਹੀ ਆਏ ਪ੍ਰਾਹੁਣਿਆਂ ਦਾ ਰੌਲਾ ਰੱਪਾ ਘੱਟ ਨਹੀ ਹੁੰਦਾ, ਹੋਰ ਸਪੀਕਰ ਲਾਕੇ ਕੰਨ ਬੋਲੇ ਕਰਨ ਤੱਕ ਜਾਇਆ ਜਾਵੇ। ਨਾ ਘਰ ਵਾਲਿਆਂ ਨੂੰ ਆਪਸ ਵਿਚ ਦੀ ਕੋਈ ਗੱਲ ਸੁਣੇ ਜਾ ਸਮਝ ਆਵੇ ਤੇ ਨਾ ਹੀ ਗਲੀ ਮਹੁੱਲੇ ਵਾਲੇ ਨਿੱਤਾ ਪ੍ਰਤੀ ਦੇ ਕੰਮ ਆਸਾਨੀ ਨਾਲ ਕਰ ਸਕਣ। ਭਲਾ ਉਹ ਚੰਗੇ ਮੰਦੇ ਗੀਤ ਅਸੀ ਕਿਸਨੂੰ ਸੁਣਾ ਰਹੇ ਹੁੰਦੇ ਹਾਂ। ਜੋ ਸਾਡੇ ਘਰਾਂ ਵਿਚ ਰੇਡੀਓ, ਟੀ.ਵੀ., ਤੇ ਟੇਪ ਰਿਕਾਡਰ ਰੋਜ਼ਾਨਾ ਹੀ ਸੁਣਾਉਂਦੇ ਰਹਿੰਦੇ ਹਨ। ਅਸੀ ਕਿਸ ਦੀ ਸੇਵਾ ਕਰ ਰਹੇ ਹੁੰਦੇ ਹਾਂ? ਇਸ ਨਾਲ ਸਾਡੀ ਸ਼ਾਨ ਨੂੰ ਕਿੰਨੇ ਕੁ ਚੰਨ ਲੱਗ ਰਹੇ ਹੁੰਦੇ ਹਨ? ਜਦੋ ਸਾਡੇ ਗੁਵਾਂਢੀਆਂ ਦੇ ਘਰ ਲੱਗਿਆ ਲਾਊਡ ਸਪੀਕਰ ਸਾਡੇ ਕੰਨ ਪਾੜ ਰਿਹਾ ਹੁੰਦਾ ਹੈ ਤਾਂ ਸਾਨੂੰ ਕਿੰਨਾਂ ਕੁ ਚੰਗਾ ਲੱਗ ਰਿਹਾ ਹੁੰਦਾ ਹੈ? ਕੀ ਅਸੀ ਆਪਣੇ ਘਰ ਲਾਊਡ ਸਪੀਕਰ ਲਾ ਕੇ ਉਹਨਾਂ ਤੋ ਬਦਲਾ ਹੀ ਤਾਂ ਨਹੀ ਲੈ ਰਹੇ ਹੁੰਦੇ?

ਇਹ ਗੱਲ ਤਾਂ ਹੈ ਕੁਝ ਬੇਸਮਝ,ਕੁਝ ਸਮਝਦਾਰ ਆਮ ਮਨੁੱਖਾ ਦੀ। ਪਰ ਉਦੋ ਤਾ ਹੋਰ ਵੀ ਦੁੱਖ ਹੁੰਦਾ ਹੈ ਜਦੋ ਇਹੋ ਸ਼ੁੱਭ ਕਰਮ ਸਾਡੇ ਪੂਜਨੀਕ ਤੇ ਵਿਸ਼ਵ ਭਲਾਈ ਦੇ ਕੇਦਰਾਂ ਤੋ ਉਸ ਨਾਲੋ ਵੀ ਜ਼ਿਆਦਾ ਮਾਤਰਾ ਵਿਚ ਹੁੰਦਾ ਸੁਣਦੇ ਹਾਂ। ਮੇਰਾ ਭਾਵ ਮੰਦਿਰਾਂ ਤੇ ਗੁਰਦਵਾਰਿਆਂ ਤੋ ਹੈ। ਬਚਨ ਭਾਵੇ ਕਿੰਨੇ ਵੀ ਸ਼ੁੱਭ ਤੇ ਕਲਿਆਣਕਾਰੀ ਹੋਣ, ਜਦੋ ਉਹ ਇਕ ਖ਼ਾਸ ਮਾਤਰਾ ਨਾਲੋਂ ਉੱਚੀ ਆਵਾਜ਼ ਵਿਚ ਬੋਲੇ ਜਾਂਦੇ ਹਨ ਤਾਂ ਉਹ ਵੀ ਇਕ ਰੌਲੇ ਦਾ ਰੂਪ ਧਾਰਨ ਕਰ ਲੈਦੇ ਹਨ। ਉਹ ਵੀ ਸਾਡੇ ਕੰਨਾ ਵਾਸਤੇ ਉਨੇ ਹੀ ਦੁੱਖਦਾਇਕ ਹੋ ਨਿਬੜਦੇ ਹਨ ਜਿੰਨੇ ਕਿ ਗੰਦੇ ਤੇ ਸ਼ੁੱਭ ਲਫ਼ਜ਼ । ਕਿਉਂ ਕਿ ਕੰਨ ਪਾੜਵੀ ਆਵਾਜ਼, ਪਹਿਲੀ ਗੱਲ ਤਾ ਇਹ ਹੈ ਕਿ ਸਮਝ ਹੀ ਨਹੀ ਪੈਂਦੀ ਤੇ ਜੇ ਕਿਤੋ ਕਿਤੋ ਸਮਝ ਪੈ ਵੀ ਜਾਵੇ ਤਾਂ ਦੁਨੀਆਂ ਦਾਰੀ ਦੇ ਕੰਮ ਕਾਰ ਵਿਚ ਲੱਗੇ ਅਸੀ ਉਸਨੂੰ ਕਿੰਨਾ ਕੁ ਸਮਝਦੇ ਤੇ ਗ੍ਰਹਿਣ ਕਰਦੇ ਹਾਂ?

## ਅਸੀਂ ਲਾਊਡ ਸਪੀਕਰ ਕਿਉਂ ਲਾਉਂਦੇ ਹਾਂ?

1. ਲਾਊਡ ਸਪੀਕਰ ਲਾਉਣ ਵਾਲੇ ਦੀ ਭਾਵਨਾ ਜੇ ਨੇਕ ਹੈ ਤਾਂ ਲਾਊਡ ਸਪੀਕਰ ਲਾਉਣ ਦਾ ਇਹ ਕਾਰਨ ਹੋ ਸਕਦਾ ਹੈ ਕਿ ਜੋ ਸ਼ੁੱਭ ਬਚਨ ਉਸਦੇ ਗ੍ਰਹਿ ਵਿਖੇ ਉਚਾਰੇ ਜਾ ਰਹੇ ਹਨ, ਉਹ ਜ਼ਿਆਦਾ ਤੋਂ ਜ਼ਿਆਦਾ ਮਨੁੱਖਾਂ ਦੇ ਕੰਨਾਂ ਵਿਚ ਪੈਣ ਅਤੇ ਘਰ ਬੈਠੇ ਤੇ ਕੰਮ ਕਾਰ ਕਰਦੇ ਮਨੁੱਖ ਵੀ ਉਹਨਾਂ ਸ਼ੁੱਭ ਬਚਨਾਂ ਨੂੰ ਸੁਣਨ ਤੇ ਲਾਭ ਪ੍ਰਾਪਤ ਕਰਨ।

ਪਰ ਅਕਸਰ ਹੁੰਦਾ ਇੰਜ ਨਹੀਂ। ਇਹ ਸ਼ੁਭ ਬਚਨ ਇਕਾਗਰ ਚਿੱਤ ਹੋ ਕੇ ਹੀ ਸੁਣੇ ਜਾਣ ਤਾਂ ਕੋਈ ਲਾਭ ਹੋ ਸਕਦਾ ਹੈ। ਇਹ ਅਨਮੋਲ ਮੋਤੀ ਤਾਂ ਹਿਰਦੇ ਦੇ ਖਜ਼ਾਨੇ ਵਿਚ ਸਾਂਭ ਕੇ ਰੱਖਣ ਵਾਲੇ ਹੁੰਦੇ ਹਨ, ਅਸੀਂ ਇਹਨਾਂ ਨੂੰ ਇਸ ਤਰਾਂ ਲੁਟਾ ਰਹੇ ਹੁੰਦੇ ਹਾਂ ਜਿਵੇ ਕੋਈ ਭੋਰੇ ਹੋਏ ਫੁੱਲ ਕਿਸੇ ਤੇ ਸੁੱਟ ਰਿਹਾ ਹੋਵੇ  ਜਿਹਨਾ ਵਿਚੋ ਕੁੱਝ

ਉਸਦੇ ਸੀਸ, ਦਾਹੜੇ ਜਾਂ ਪੁਸ਼ਾਕ ਵਿਚ ਅਟਕ ਜਾਂਦੇ ਹਨ। ਪਰ ਜ਼ਿਆਦਾ ਪੈਰਾ ਹੇਠ ਹੀ ਮਧੋਲੇ ਜਾਂਦੇ ਹਨ ਤੇ ਮਿੱਟੀ ਵਿਚ ਮਿਲ ਜਾਂਦੇ ਹਨ।

## ਸਪੀਕਰ ਲਾ ਕੇ ਅਸੀ ਕਿਸ ਦੀ ਸੇਵਾ ਕਰ ਰਹੇ ਹਾਂ?

ਧਰਮ ਦੀ? ਧਰਮ ਪ੍ਰਚਾਰ ਧਾਰਮਿਕ ਕਾਰਜਾ ਵਿਚੋ ਇਕ ਪ੍ਰਮੁੱਖ ਅਤੇ ਅਤਿਅੰਤ ਪੁੰਨ ਦਾ ਕੰਮ ਹੈ। ਕਿਸੇ ਭੁੱਲੇ ਭਟਕੇ ਵਿਅਕਤੀ ਨੂੰ ਧਰਮ ਵਾਲੇ ਰਸਤੇ ਪਾਉਣ ਨਾਲੋ ਹੋਰ ਕੋਈ ਵੱਡਾ ਪੁੰਨ ਨਹੀ ਹੋ ਸਕਦਾ, ਕਿਉਂ ਕਿ ਇਹੋ ਹੀ ਉਹ ਰਸਤਾ ਹੈ ਜਿਸ ਤੇ ਚੱਲਕੇ ਜੀਵ-ਆਤਮਾ ਦੇ 'ਸਗਲ ਕਲੇਸ਼' ਮੁੱਕ ਸਕਦੇ ਹਨ, ਆਵਾ ਗਵਨ ਦੇ ਚੱਕਰ ਵਿਚੋ ਨਿਕਲ ਕੇ ਆਪਣੇ ਕਰਤੇ ਵਿਚ 'ਪਾਣੀ ਸੰਗ ਪਾਣੀ' ਵਾਂਗ ਸਮਾ ਸਕਦੀ ਹੈ। ਧਰਮ ਪ੍ਰਚਾਰ ਦੇ ਹੋਰ ਅਨੇਕ ਤਰੀਕੇ ਹਨ ਜਿਨ੍ਹਾਂ ਰਾਹੀ ਭੁੱਲੜ ਜੀਵ ਆਤਮਾ ਨੂੰ ਆਪਣਾ ਪਛਾਣ ਕੇ ਆਕਾਲ ਪੁਰਖ ਨਾਲ ਅਭੇਦ ਹੋਣ ਵਾਸਤੇ ਪ੍ਰਰਿਆ ਜਾ ਸਕਦਾ ਹੈ। ਪਰ ਵੇਖਣ ਵਿਚ ਆਇਆ ਹੈ ਕਿ ਲਾਊਡ ਸਪੀਕਰ ਤੇ ਖਾਸ ਕਰਕੇ ਸਵੇਰੇ ਸ਼ਾਮ ਦੀ ਪਾਠ ਪੂਜਾ ਸਮੇਂ ਵਰਤੇ ਜਾਂਦੇ ਲਾਊਡ ਸਪੀਕਰ ਇਸ ਮਹਾਨ ਕਾਰਜ ਵਿਚ ਕੋਈ ਹਾਂ ਪੱਖੀ ਯੋਗਦਾਨ ਨਹੀ ਪਾਉਂਦੇ । ਕਿਉਂ ਕਿ:-

1. ਸਵੇਰੇ ਸ਼ਾਮ ਇਕ ਇਕ ਪਿੰਡ ਜਾ ਮੁਹੱਲੇ ਵਿਚ ਤਿੰਨ ਤਿੰਨ ਚਾਰ ਚਾਰ ਲਾਊਡ ਸਪੀਕਰ ਆਪਣੀ ਆਪਣੀ ਉੱਚ ਸਮਰੱਥਾ ਅਨੁਸਾਰ ਦੇਵ ਬਾਣੀ ਜਾ ਇਲਾਹੀ ਬਾਣੀ ਦਾ ਉੱਚੀ ਉੱਚੀ(ਰੌਲਾ ਟਾਈਪ)ਉਚਾਰਨ ਤਾ ਕਰਦੇ ਹਨ ਪਰ ਉਹਨਾਂ ਸਾਰਿਆ ਦੀਆਂ ਆਵਾਜ਼ਾ ਟਕਰਾ ਕੇ ਇਨਸਾਨੀ ਕੰਨਾਂ ਨੂੰ ਇਸ ਯੋਗ ਹੀ ਨਹੀਂ ਰਹਿਣ ਦਿੰਦੀਆਂ ਕਿ ਉਸ ਅੰਮ੍ਰਿਤ ਬਾਣੀ ਵਿਚੋਂ ਕੁਝ ਸਮਝਿਆ ਜਾ ਸਕੇ। ਇਸ ਹਾਲਤ ਵਿਚ ਸਵਾਏ ਕੰਨ ਪਾੜਵੇ ਰੌਲੇ ਤੋ ਹੋਰ ਕੁੱਝ ਸਮਝਣਾ ਤੇ ਉਸਦਾ ਆਨੰਦ ਪ੍ਰਾਪਤ ਕੀਤਾ ਜਾਣਾ ਮੁਸ਼ਕਿਲ ਹੀ ਨਹੀਂ ਅਸੰਭਵ ਵੀ ਹੋ ਜਾਂਦਾ ਹੈ।

2. ਗੁਰੂ ਬਾਣੀ,ਦੇਵ ਬਾਣੀ ਜਾਂ ਹੋਰ ਅਧਿਆਤਮਕ ਵਿਚਾਰ ਜਾਂ ਉਪਦੇਸ਼ ਸਿਆਸੀ ਲੀਡਰਾਂ ਦੇ ਭਾਸ਼ਨਾਂ ਵਾਂਗ ਐਨੀ ਸਸਤੀ ਵਸਤੂ ਨਹੀਂ ਹੈ ਕਿ ਹਰ ਕਿਸੇ ਦੇ ਕੰਨਾਂ ਵਿਚ ਜਬਰ ਦਸਤੀ ਤੁੰਨੀ ਜਾਣ।

ਬੜੀ ਮਾਮੂਲੀ ਜਿਹੀ ਗੱਲ ਹੈ ਕਿ ਜੇ ਅਸੀਂ ਕਿਸੇ ਵਿਅਕਤੀ ਨਾਲ ਗੱਲ ਕਰਨੀ ਚਾਹੀਏ ਅਤੇ ਉਹ ਸਾਡੀ ਗੱਲ ਵੱਲ ਧਿਆਨ ਹੀ ਨਾ ਦੇਵੇ ਤਾਂ ਸਾਡੀ ਗ਼ੈਰਤ ਇਹ ਮਨਜ਼ੂਰ ਨਹੀਂ ਕਰੇਗੀ ਕਿ ਅਸੀਂ ਉਸਨੂੰ ਜਬਰਦਸਤੀ ਆਪਣੀ ਗੱਲ ਆਖੀ ਹੀ ਜਾਈਏ। ਅਸੀਂ ਤਾ ਪ੍ਰਭੂ ਦੀ ਇਸ ਮਹਾਨ ਰਚਨਾ ਦੇ ਬਹੁਤ ਹੀ ਤੁੱਛ ਜਿਹੇ ਅੰਗ ਹਾਂ, ਤੇ ਜੇ ਕੋਈ ਸਾਡੀ ਗੱਲ ਵੱਲ ਧਿਆਨ ਨਹੀ ਦਿੰਦਾ ਤਾਂ ਸਾਨੂੰ ਇਹ ਗੱਲ ਬੁਰੀ ਲੱਗਦੀ ਹੈ। ਪਰ ਕਿੰਨੀ ਗਲਤ ਗੱਲ ਹੈ ਕਿ ਸਾਰੀ ਸ੍ਰਿਸ਼ਟੀ ਦੇ ਕਰਤੇ ਦੀ ਬਾਣੀ ਅਸੀਂ ਉਹਨਾਂ ਲੋਕਾ ਦੇ ਕੰਨਾਂ ਵਿਚ ਜ਼ਬਰਦਸਤੀ ਪਾਉਣ ਦੀ ਜ਼ਿੱਦ ਕਰਦੇ ਹਾਂ ਜੋ ਇਸ ਨੂੰ ਸੁਣਨਾ ਹੀ ਨਹੀ ਚਾਹੁੰਦੇ। ਅਸੀ ਆਪਣੇ ਤੌਰ ਤੇ ਤਾ ਇੰਨੇ ਢੀਠ ਨਹੀ ਹੁੰਦੇ, ਪਰ ਰੱਬੀ ਬਾਣੀ ਨੂੰ ਢੀਠਤਾਈ ਤੱਕ ਲੈ ਜਾਣ ਵਿਚ ਜਰਾ ਵੀ ਸ਼ਰਮ ਮਹਿਸੂਸ ਨਹੀ ਕਰਦੇ। ਮੇਰੇ ਸਤਿਕਾਰ ਯੋਗ ਮਹਾਂ ਪੁਰਖੋ, ਪਹਿਲਾਂ ਕਦਰਦਾਨ ਪੈਦਾ ਕਰੋ।

ਸਪੀਕਰਾਂ ਦੇ ਖੱਪ ਖਾਨੇ ਨਾਲ ਕਦਰਦਾਨ ਨਹੀ ਪੈਦਾ ਕੀਤੇ ਜਾ ਸਕਦੇ।

3. ਪ੍ਰਭੂ ਭਗਤੀ ਵਾਸਤੇ ਅੰਮ੍ਰਿਤ ਵੇਲਾ ਸਰਵ ਉੱਤਮ ਮੰਨਿਆਂ ਗਿਆ ਹੈ। ਗੁਰਬਾਣੀ ਅਤੇ ਹੋਰ ਅਧਿਆਤਮਕ ਉਪਦੇਸ਼ਾ ਵਿਚ ਅਨੇਕ ਵਾਰ ਅੰਮ੍ਰਿਤ ਵੇਲੇ ਦੇ ਗੁਣ ਗਾਨ ਕੀਤੇ ਮਿਲਦੇ ਹਨ। ਇਹੋ ਹੀ ਉਹ ਸਮਾਂ ਹੈ ਜਦੋਂ 'ਸਾਈ ਕੰਨੋ ਦਾਤ' ਮਿਲਦੀ ਹੈ। ਪਰ ਹਾਂ-ਇਹੋ ਹੀ ਵੇਲਾ ਸਭ ਤੋਂ ਮਿੱਠੀ ਨੀਂਦ ਦਾ ਵੇਲਾ ਹੈ। ਇਹੋ ਈ ਵੇਲਾ ਹੈ ਜਦ ਜੀਵ ਦਾ ਸੌਣ ਨੂੰ ਦਿਲ ਕਰਦਾ ਹੈ। ਹਾਂ-ਇਹੋ ਈ ਵੇਲਾ ਹੈ ਜਦ ਲਾਊਡ ਸਪੀਕਰ ਚਲਾ ਕੇ ਗੁਰਦਵਾਰਿਆਂ ਤੇ ਮੰਦਿਰਾਂ ਵਿਚ ਪਾਠ ਪੂਜਾ ਸ਼ੁਰੂ ਹੋ ਜਾਂਦੀ ਹੈ। ਅੰਮ੍ਰਿਤ ਭੁੰਚਣ ਵਾਲਿਆਂ ਵਾਸਤੇ ਇਹੋ ਹੀ ਅੰਮ੍ਰਿਤ ਵੇਲਾ ਹੈ। ਹੈ ਤੇ ਵਿਸ਼( ਜ਼ਹਿਰ) ਪੀਣ ਵਾਲਿਆ ਗ਼ਾਫ਼ਿਲਾਂ ਵਾਸਤੇ  ਵੀ ਇਹੋ ਹੀ ਵਿਸ਼ ਵੇਲਾ ਹੈ। ਯਾਦ ਰਹੇ ਅੰਮ੍ਰਿਤ ਵੇਲੇ ਦੀ ਨੀਦ ਜੀਵ ਆਤਮਾ ਵਾਸਤੇ ਵਿਸ਼ ਹੀ ਹੈ। ਤੇ ਜਦ ਵਿਸ਼ ਦੇ ਭੋਗੀ ਦੇ ਕੰਨਾਂ ਵਿਚ ਅੰਮ੍ਰਿਤ ਵੇਲੇ ਅੰਮ੍ਰਿਤ ਪੈਂਦਾ ਹੈ ਤਾਂ ਉਸਦੀ ਨੀਦ ਟੁੱਟਦੀ ਹੈ। ਉਹ ਝੁੰਜਲਾਕੇ ਕਹਿ ਉੱਠਦਾ ਹੈ-'ਇਸ ਗੁਰਦੁਆਰੀਏ ਬਾਬੇ ਆਪ ਤਾਂ ਨੀਦ ਆਉਂਦੀ ਨਹੀਂ ਦੂਜਿਆਂ ਨੂੰ ਵੀ ਨਹੀ ਸਾਉਂਣ ਦਿੰਦਾ।' ਮੁਆਫ ਕਰਨਾ ਮੈਂ ਉਪਰੋਕਤ ਵਾਕ ਵਿਚ ਕੇਵਲ ਉਹਨਾਂ ਸੋਤੂਆ ਦਾ ਭਾਵ ਹੀ ਦੱਸਿਆ ਹੈ,ਲਫ਼ਜ਼ ਤਾਂ ਉਹ ਬਹੁਤ ਹੀ ਗੰਦੇ ਵਰਤ ਜਾਂਦੇ ਹਨ, ਗ੍ਰਥੀ ਸਾਹਿਬ,ਗੁਰਦੁਆਰਾ ਸਾਹਿਬ ਤੇ ਗੁਰੂ ਸਾਹਿਬ ਵਾਸਤੇ ਜੋ ਅਸੀ ਬਰਦਾਸ਼ਤ ਵੀ ਨਹੀ ਕਰ ਸਕਦੇ। ਪਰ ਐਸੇ ਭੱਦੇ ਲਫ਼ਜ਼ ਉਹਨਾਂ ਦੇ ਮੂੰਹੋਂ ਕਢਵਾਉਣ ਦੇ ਗੁਨਾਹ ਦੇ ਭਾਗੀ ਤਾਂ ਅਸੀਂ ਵੀ ਬਣਦੇ ਹਾਂ, ਲਾਊਡ ਸਪੀਕਰ ਲਾਕੇ। ਕੀ ਇਹੋ ਸਾਡੇ ਇਸ਼ਟ ਪ੍ਰਤੀ, ਧਰਮ ਪ੍ਰਤੀ, ਸਾਡੀ ਸ਼ਰਧਾ ਸੇਵਾ ਭਾਵਨਾ ਹੈ?

4. ਅਸੀ ਮੰਦਰ ਗੁਰਦੁਆਰੇ ਜਾਂਦੇ ਹਾਂ। ਇਸ਼ਨਾਨ ਕਰਕੇ ਜਾਂਦੇ ਹਾਂ, ਸੁੱਚੇ ਹੋ ਕੇ ਜਾਂਦੇ ਹਾਂ, ਸਾਫ਼ ਸੁੱਥਰੇ ਬਸਤਰ ਪਾ ਕੇ ਜਾਂਦੇ ਹਾਂ, ਆਪਣੇ ਮਨ ਸ਼ੁੱਧ ਕਰਕੇ ਜਾਂਦੇ ਹਾਂ ਤੇ ਫਿਰ ਪਾਠ ਪੂਜਾ ਵਿਚ ਹਿੱਸਾ ਲੈਂਦੇ ਹਾਂ ਜਾਂ ਜੇ ਅਸੀਂ ਘਰ ਵਿਚ ਹੀ ਨਿੱਤ ਨੇਮ, ਪਾਠ-ਪੂਜਾ ਕਰਦੇ ਹਾਂ ਤਾਂ ਵੀ ਉਪਰੋਕਤ ਸੁੱਥਰੇਪਨ ਵੱਲ ਖ਼ਾਸ ਧਿਆਨ ਦਿੰਦੇ ਹਾਂ ਤੇ ਕੋਸ਼ਿਸ਼ ਕਰਦੇ ਹਾਂ ਕਿ ਇਕ ਮਨ, ਇਕ ਚਿੱਤ ਹੋ ਕੇ ਪਾਠ ਪੂਜਾ ਕੀਤੀ ਜਾਵੇ। ਪਰ ਗੁਰਦਵਰਿਆ ਤੇ ਮੰਦਰਾਂ ਵਿਚ ਲੱਗੇ ਲਾਊਡ ਸਪੀਕਰ ਦੁਨੀਆਂ ਦਾਰਾ ਦੇ ਕੰਨਾਂ ਵਿਚ ਇਹ ਅੰਮ੍ਰਿਤਰਸ ਕਦੋ ਘੋਲਦੇ ਹਨ?ਜਦੋ ਕੋਈ ਅਜੇ ਸੁੱਤਾ ਹੀ ਪਿਆ ਹੁੰਦਾ ਹੈ, ਜਦੋ ਗ੍ਰਹਿਸਤੀ ਮਲੀਨਤਾ ਭਰੇ ਬਿਸਤਰ ਵਿਚ ਹੀ ਉਸਲਵੱਟੇ ਲੈ ਰਿਹਾ ਹੁੰਦਾ ਹੈ। ਜਦੋ ਕੋਈ ਟੱਟੀ ਪੇਸ਼ਾਬ ਹੀ ਬੈਠਾ ਹੁੰਦਾ ਹੈ। ਜਦੋ ਕੋਈ ਇਸ਼ਨਾਨ ਪਾਣੀ ਕਰਦਾ ਨਿਰਵਸਤਰ ਅਵਸਥਾ ਵਿਚ ਹੁੰਦਾ ਹੈ। ਅਸੀ ਚਾਹੁੰਦੇ ਹਾਂ ਕਿ ਜਦੋਂ ਸਾਡੇ ਧਰਮ ਅਨੁਸਾਰ ਅਰਦਾਸ ਹੋ ਰਹੀ ਹੋਵੇ ਤਾਂ ਜਿੱਥੋ ਤੱਕ ਆਵਾਜ਼ ਪਹੁੰਚਦੀ ਹੋਵੇ ਉੱਥੋ ਤੱਕ ਹਰ ਇਨਸਾਨ ਪੈਰਾ ਤੋ ਜੋੜੇ ਉਤਾਰ ਕੇ, ਖੜੇ ਹੋ ਕੇ,ਹੱਥ ਜੋੜ ਕੇ, ਇਕਾਗਰ ਚਿੱਤ ਹੋ ਕੇ ਇਸ ਅਰਦਾਸ ਵਿਚ ਸ਼ਾਮਿਲ ਹੋਵੇ। ਪਰ ਜਦੋ ਇਹ 'ਮਨਸਾ ਪੂਰਨੀ,ਸੰਕਟ ਮੋਚਨੀ ਤੇ ਸਰਬ ਸੁੱਖਾਂ ਦੀ ਦਾਤੀ ਅਰਦਾਸ' ਲਾਊਡ ਸਪੀਕਰ ਰਾਹੀ ਅਨੇਕ ਕਿਲੋਮੀਟਰਾਂ ਤੱਕ ਫੈਲਾ ਦਿੱਤੀ ਜਾਂਦੀ ਹੈ ਤਾਂ ਕੀ ਇਹ ਸੰਭਵ ਰਹਿ ਜਾਂਦਾ ਹੈ ਕਿ ਜੋ ਵਿਅਕਤੀ ਵੀ ਸੁਣੇ ਉਹ ਉਪਰੋਕਤ ਵਿਧੀ ਨਾਲ ਅਰਦਾਸ ਵਿਚ ਸ਼ਾਮਿਲ ਹੋ ਸਕੇ ? ਅਜੇ ਵੀ

ਕੁਝ ਗੁਰਦਵਾਰਿਆ-ਮੰਦਰਾਂ ਵਿਚ ਇਹ ਚੰਗੀ ਪ੍ਰੰਪਰਾ ਕਾਇਮ ਹੈ ਕਿ ਘੱਟੋ ਘੱਟ ਅਰਦਾਸ ਵੇਲੇ ਲਾਊਡ ਸਪੀਕਰ ਬੰਦ ਕਰ ਦਿੱਤਾ ਜਾਂਦਾ ਹੈ। ਭਾਵੇਂ ਕਿ ਇਹ ਕਾਫ਼ੀ ਨਹੀਂ ਪਰ ਇੰਨੀ ਕੁ ਬੰਦਸ਼ ਵੀ ਬਹੁਤ ਘੱਟ ਥਾਂਵਾ ਤੇ ਹੀ ਵੇਖਣ ਵਿਚ ਆਈ ਹੈ ਤੇ ਦਿਨੋ ਦਿਨ ਵੇਖੋ ਵੇਖੀ ਹੋਰ ਵੀ ਘਟਦੀ ਜਾਂਦੀ ਹੈ।

ਜਦੋ ਦਾਸ ਇਹ ਲਫ਼ਜ਼ ਲਿਖ ਰਿਹਾ ਹੈ ਤਾਂ ਇੱਥੋ ਇਕ ਕਿਲੋਮੀਟਰ ਦੂਰ ਦੇ ਗੁਰਦਵਾਰਾ ਸਾਹਿਬ ਤੋ ਇਕ ਪਰਚਾਰਕ ਸਿੰਘ ਦੀ ਆਵਾਜ਼ ਲਾਊਡ ਸਪੀਕਰ ਰਾਹੀਂ ਮੇਰੇ ਤੱਕ ਪਹੁੰਚ ਰਹੀ ਹੈ। ਸਿੰਘ ਜੀ ਕਹਿ ਰਹੇ ਹਨ-"ਸਾਧ ਸੰਗਤ ਜੀ ਹੁਣ ਇਕਾਗਰ ਚਿੱਤ ਹੋ ਕੇ ਬੈਠੋ, ਬਿਰਤੀ ਲਾ ਲਵੋ, ਨੇਤਰ ਮੁੰਦ ਲਵੋ, ਸਤਿਗੁਰ ਨਾਨਕ ਦੇਵ ਜੀ ਦੇ ਚਰਨਾਂ ਦਾ ਧਿਆਨ ਧਰੋ, ਤੇ ਇਲਹੀ ਬਾਣੀ ਦਾ ਕੀਰਤਨ ਸਰਵਣ ਕਰੋ।" ਮਹਾਂਪੁਰਖੋ ਹੁਣ ਤੁਸੀਂ ਹੀ ਦੱਸੋ ਕਿ ਇਹ ਸੰਬੋਧਨ ਸਿੰਘ ਜੀ ਨੇ ਕਿੰਨਾ ਨੂੰ ਕੀਤਾ ਹੈ? ਜੇ ਤਾ ਗੁਰਦਵਾਰੇ ਵਿਚ ਬੈਠੀ ਸਾਧਸੰਗਤ ਨੂੰ ਹੀ ਕੀਤਾ ਤਾਂ ਇੱਕ ਦੋ ਕਿਲੋਮੀਟਰ ਤੱਕ ਆਵਾਜ਼ ਪਹਚਾਉਣ ਦਾ ਕੀ ਲਾਭ? ਤੇ ਜੇ ਇਕ ਦੋ ਕਿਲੋਮੀਟਰ ਤੱਕ ਸੁਣਦੀ ਸੰਗਤ ਨੂੰ ਕੀਤਾ ਤਾਂ ਕੀ ਇੰਨੇ ਏਰੀਏ ਵਿਚ ਬੈਠੇ,ਖਲੋਤੇ, ਵਿਚਰਦੇ, ਕੰਮ ਕਾਰ ਕਰਦੇ ਸਾਰੇ ਵਿਅਕਤੀ ਆਪਣਾ ਕੰਮ ਕਾਰ ਛੱਡ ਕੇ ਅੱਖਾਂ ਮੀਟ ਕੇ ਹੋ ਜਾਣ ਇਕਾਗਰ ਚਿੱਤ? ਰੋਟੀ ਪਕਾ ਰਹੀ ਗ੍ਰਹਿਣੀ ਵੀ, ਬਲੈਕ ਬੋਰਡ ਤੇ ਲਿਖ ਰਿਹਾ ਅਧਿਆਪਕ ਵੀ, ਸੜਕ ਤੇ ਟਰੱਕ ਚਲਾ ਰਿਹਾ ਡਰਾਈਵਰ ਵੀ? ਮੇਰੇ ਸੂਝਵਾਨ ਗੁਰੂ ਪਿਆਰਿਓ ਗੁਰੂ ਘਰ ਦਾ ਹੁਕਮ ਸਾਡੇ ਵਾਸਤੇ ਰੱਬੀ ਹੁਕਮ ਹੈ। ਤੇ ਇਸ ਰੱਬੀ ਹੁਕਮ ਤੇ ਅਮਲ ਕਿਵੇਂ ਕੀਤਾ ਜਾਵੇ? ਜਿਸ ਤੇ ਅਮਲ ਹੋ ਹੀ ਨਹੀਂ ਸਕਦਾ ਐਸਾ ਹੁਕਮ ਗੁਰੂ ਦਰਬਾਰ ਵੱਲੋਂ ਜਾਰੀ ਹੀ ਕਿਉਂ ਕੀਤਾ ਜਾਵੇ। ਹੁਕਮ ਗਲਤ ਨਹੀਂ ਹੈ, ਪਰ ਉਸਨੂੰ ਫੈਲਾ ਦੇਣ ਦੀ ਹੱਦ ਗਲਤ ਨਿਸ਼ਚਿਤ ਕਰਕੇ ਹਜ਼ਾਰਾਂ ਸ਼ਰਧਾਵਾਨਾਂ ਨੂੰ ਵੀ ਹੁਕਮ ਅਦੂਲੀ ਕਰਨ ਤੇ ਮਜਬੂਰ ਕਰ ਦਿੱਤਾ ਗਿਆ। ਜਿਸ ਦੀ ਜੁੰਮੇਵਾਰੀ ਸਿਰਫ ਲਾਊਡ ਸਪੀਕਰ ਦੀ ਗ਼ਲਤ ਵਰਤੋਂ ਉੱਤੇ ਹੀ ਆਉਂਦੀ ਹੈ।

ਗੁਰੂ ਮਹਾਰਾਜ ਦਾ ਤੇ ਹੋਰ ਅਨੇਕ ਮਹਾਂਪੁਰਸ਼ਾ ਦਾ ਹੁਕਮ ਹੈ ਕਿ ਇਨਸਾਨ ਪ੍ਰਭੂ ਨੂੰ ਸਵਾਸ ਸਵਾਸ ਧਿਆਵੇ। 'ਸਵਾਸ ਸਵਾਸ' ਦਾ ਭਾਵ ਹੈ ਕੇ ਹਰ ਵਕਤ ਆਪਣੇ ਕਰਤੇ ਦਾ ਸਿਮਰਨ ਕਰੇ, ਉਸਨੂੰ ਯਾਦ ਕਰੇ ਤੇ ਯਾਦ ਰੱਖੇ। ਇਸ ਯਾਦ ਕਰਨ ਤੇ ਯਾਦ ਰੱਖਣ ਦਾ ਭਾਵ ਕੁਝ ਹੋਰ ਹੈ, ਇਹ ਬਿਲਕੁੱਲ ਨਹੀਂ ਕਿ ਚੌਵੀ ਘੰਟੇ, ਤੀਹ ਦਿਨ, ਬਾਰਾਂ ਮਹੀਨੇ ਤੇ ਸਾਰੀ ਉਮਰ ਦੇ ਸਾਲ ਗੁਰਬਾਣੀ, ਕੀਰਤਨ ਜਾਂ ਉਪਦੇਸ਼ ਲਾਊਡ ਸਪੀਕਰ ਰਾਹੀ ਸੁਣਦੇ ਰਿਹਾ ਜਾਵੇ। ਇਹ ਨਾ ਸੰਭਵ ਹੈ ਤੇ ਨਾ ਹੀ ਇਹ ਸਾਡਾ ਆਦਰਸ਼ ਹੈ। ਸਵਾਸ ਸਵਾਸ ਸਿਮਰਨ ਦਾ ਮਤਲਬ ਹੈ। ਕਿ ਆਕਾਲ ਪੁਰਖ ਨੂੰ ਹਰ ਵੇਲੇ ਇਸ ਤਰਾ ਯਾਦ ਰੱਖੋ ਕਿ ਉਹ ਹਰ ਵੇਲੇ ਸਾਡੇ ਪਾਸ ਹੈ, ਸਾਡੇ ਨਾਲ ਹੈ, ਸਾਡੇ ਚੰਗੇ ਬੁਰੇ ਕੰਮ ਨੂੰ ਵੇਖ ਰਿਹਾ ਹੈ, ਸ਼ੁਭ ਕੰਮਾਂ ਵਿਚ ਉਹ ਸਾਡੇ ਅੰਗ ਸੰਗ ਹੈ, ਸਾਡਾ ਸਹਾਈ ਹੀ ਨਹੀਂ ਸਗੋਂ ਸਾਡੇ ਰੂਪ ਵਿਚ ਉਹ ਆਪ ਸਭ ਕਾਰਜ ਕਰ ਰਿਹਾ ਹੈ। ਉਹ ਸਾਡੇ ਸਿਰਫ ਇੰਨਾ ਕੁ ਹੀ ਕੋਲ ਨਹੀਂ ਕਿ ਅਸੀਂ ਜਦ ਵੀ ਉਸ ਤੋਂ ਕੋਈ ਮੰਗ ਕਰਾਂਗੇ ਉਹ ਉਸੇ ਵੇਲੇ ਸਾਡੀ ਮੰਗ ਪੂਰੀ ਕਰ ਦੇਵੇਗਾ(ਉਂਜ ਉਹ ਕਰਦਾ ਇੰਜ ਵੀ ਹੈ)ਸਗੋਂ ਉਹ ਸਾਡੇ ਇੰਨਾਂ ਅੰਦਰ ਵੱਸਿਆ ਹੋਇਆ ਹੈ ਕਿ ਕਿਸੇ ਮੰਗ ਵਾਰੇ ਸੋਚਣ

ਤੋਂ ਪਹਿਲਾਂ ਉਹ ਸਾਡੀ ਮੰਗ ਪੂਰੀ ਕਰ ਦੇਂਦਾ ਹੈ। ਭਲਾ ਜਨਮ ਵੇਲੇ ਅਸੀਂ ਉਸ ਪਾਸੋਂ ਦੁੱਧ ਦੀ ਮੰਗ ਕੀਤੀ ਸੀ? ਨਹੀਂ ਦੁੱਧ ਦਾ ਤਾਂ ਉਸਨੇ ਸਾਡੇ ਜਨਮ ਤੋਂ ਪਹਿਲਾਂ ਹੀ ਪ੍ਰਬੰਧ ਕਰ ਰੱਖਿਆ ਸੀ। ਤਾ ਫਿਰ "ਜਬ ਦਾਂਤ ਨਾ ਥੇ ਤਬ ਦੂਧ ਦੀਓ, ਜਬ ਦਾਂਤ ਦੀਏ ਕਿਆ ਅੰਨ ਨਾ ਦੇ ਹੈ?" ਵਾਹਿਗੁਰੂ ਨੂੰ, ਪ੍ਰਭੂ ਨੂੰ, ਕਰਤਾ ਪੁਰਖ ਨੂੰ ਸਵਾਸ ਸਵਾਸ ਇੰਜ ਯਾਦ ਕਰਨਾ ਬਣਦਾ ਹੈ ਪਰ ਅਸੀਂ ਤਾਂ ਚੌਵੀ ਘੰਟੇ ਲਾਊਡ ਸਪੀਕਰ ਤੇ ਉਸ ਨੂੰ ਯਾਦ ਕਰਨ ਦਾ ਪਰਪੰਚ ਕਰਨ ਲੱਗ ਹੋਏ ਹਾਂ। ਤੁਸੀਂ ਆਪ ਹੀ ਸੋਚੋ ਕਿ ਅੰਮ੍ਰਿਤ ਵੇਲੇ ਦਾ ਨਿਤਨੇਮ ਪਾਠ ਪੂਜਾ, ਸਵੇਰ ਦਾ ਕੀਰਤਨ, ਦੁਪਿਹਰ ਤੋਂ ਪਹਿਲਾਂ ਤੇ ਬਾਦ ਤੱਕ ਕਿਸੇ ਵਿਆਹ ਸ਼ਾਦੀ ਦੀ ਦੇਣ ਬਾਣੀ ਜਾਂ ਗੁਰਬਾਣੀ ਦਾ ਕੀਰਤਨ, ਦੁਪਹਿਰ ਤੋਂ ਮਗਰੋਂ ਬੀਬੀਆ ਦਾ  ਜਾਂ ਹੋਰ ਕਿਸੇ ਦਾ ਘਰ ਘਰ ਕੀਰਤਨ, ਸ਼ਾਮ ਦਾ ਪਾਠ ਪੂਜਾ ਤੇ ਕੀਰਤਨ, ਫਿਰ ਰੈਣ ਸਬਾਈ ਕੀਰਤਨ ਤੇ ਜਗਰਾਤੇ ਤੇ ਫਿਰ ਉਹ ਵੀ ਪਿੰਡ ਜਾਂ ਮੁਹੱਲੇ ਵਿਚ ਇਕ ਇਕ ਥਾਂ ਜਾਂ ਇਕ ਇਕ ਸਪੀਕਰ ਰਾਹੀਂ ਨਹੀਂ, ਤਿੰਨ ਤਿੰਨ ਜਾਂ ਚਾਰ ਚਾਰ ਜਾਂ ਇਸ ਤੋਂ ਵੀ ਵੱਧ ਸਪੀਕਰਾਂ ਰਾਹੀਂ ਰਲ ਮਿਲ ਕੇ ਖਿੱਚੜੀ ਬਣੀਆਂ ਆਵਾਜ਼ਾ ਸਚ ਮੁੱਚ ਸਾਨੂੰ ਆਪਣੇ ਕਰਤੇ ਦੇ ਚਰਨਾਂ ਵਿਚ ਇਕਾਗਰ ਹੋਣ ਦਿੰਦੀਆਂ ਹਨ? ਕੁੱਝ ਪ੍ਰਚਾਰਕ ਜਾ ਕੀਰਤਨੀਏ ਤਾਂ ਲਾਊਡ ਸਪੀਕਰ ਤੋਂ ਬਿਨਾਂ ਬੋਲਣਾ ਹੀ ਆਪਣੀ ਹੇਠੀ ਸਮਝਦੇ ਹਨ। ਪਰ ਆਪ ਉਹਨਾਂ ਦੇ ਸਵਾਸ ਸਵਾਸ ਸਿਮਰਨ ਦਾ ਇਹ ਹਾਲ ਹੁੰਦਾ ਹੈ ਕਿ ਆਪਣਾ ਟਾਈਮ ਖ਼ਤਮ ਹੁੰਦਿਆ ਹੀ ਆਪਣੇ ਸਾਜ਼ ਸੰਭਾਲਕੇ ਪੱਤਰਾ ਵਾਚ ਜਾਂਦੇ ਹਨ। ਨਾ ਉਹਨਾਂ ਆਪਣੇ ਤੋਂ ਪਹਿਲਾਂ ਬੋਲਣ ਵਾਲਿਆਂ ਦੇ ਸ਼ੁਭ ਵਿਚਾਰ ਜਾਂ ਕੀਰਤਨ ਸੁਣਿਆ ਹੁੰਦਾ ਹੈ ਤੇ ਨਾ ਹੀ ਆਪਣੇ ਤੋਂ ਮਗਰੋਂ ਵਾਲਿਆ ਦਾ ਇੱਕ ਲਫ਼ਜ ਹੀ ਸੁਣਨਾ ਜ਼ਰੂਰੀ ਸਮਝਦੇ ਹਨ। ਨਾ ਉਹ ਅਰਦਾਸ ਦੀ ਉਡੀਕ ਕਰਦੇ ਹਨ ਨਾ ਪ੍ਰਸ਼ਾਦਿ ਦੀ, ਲੰਗਰ ਤੱਕ ਤਾ ਭਲਾ ਕੌਣ ਉਡੀਕੇ? ਉਹਨਾਂ ਦਾ ਕੰਮ ਸਿਰਫ਼ ਸੁਨਾਉਣਾ ਹੀ ਹੁੰਦਾ ਹੈ,(ਉਹ ਵੀ ਪਤਾ ਨਹੀ ਕਿਸ ਮਕਸਦ ਨਾਲ)ਸੁਨਣਾ ਉਹ ਆਪਣਾ ਫ਼ਰਜ਼ ਨਹੀਂ ਸਮਝਦੇ। ਪਰ ਗੁਰੂ ਮਹਾਰਾਜ ਤੀਸਰੇ ਪਾਤਸ਼ਾਹ ਤਾਂ ਹੁਕਮ ਕਰਦੇ ਹਨ ਕਿ:-

ਸੁਣਤੇ ਪੁਨੀਤ ਕਹਿਤੇ ਪਵਿੱਤ ਸਤਿਗੁਰ ਰਹਿਆ ਭਰਪੂਰੇ॥
ਬਿਨਵੰਤ ਨਾਨਕ ਗੁਰ ਚਰਨ ਲਾਗੇ ਵਾਜੇ ਅਨਹਦ ਤੂਰੇ॥

**<u>ਦੁਖੀਆ ਸਭ ਸੰਸਾਰ</u>:-**

ਇਹਨਾਂ ਲਾਊਡ ਸਪੀਕਰਾਂ ਤੋ ਸੁਖ ਤਾ ਸ਼ਾਇਦ ਹੀ ਕਿਸੇ ਨੂੰ ਹੋਵੇ ਪਰ ਦੁੱਖ ਸਾਰੇ ਸੰਸਾਰ ਨੂੰ ਹੈ। ਸੁੱਖ ਤਾ ਸਿਰਫ਼ ਕਿਰਾਏ ਤੇ ਸਪੀਕਰ ਦੇਣ ਵਾਲਿਆਂ ਨੂੰ, ਬੈਟਰੀਆਂ ਤੇ ਸਪੀਕਰ ਬਣਾਉਂਣ ਵਾਲਿਆ, ਇਹਨਾਂ ਦੀ ਮੁਰੰਮਤ ਕਰਨ ਵਾਲਿਆਂ ਨੂੰ ਹੀ ਹੋਵੇਗਾ। ਇਥੋਂ ਤੱਕ ਕਿ ਜਿਨਾਂ ਦੇ ਘਰਾਂ ਜਾਂ ਸੰਸਥਾਵਾਂ ਵਿਚ ਇਹ ਫੁੱਲ ਆਵਾਜ਼ ਵਿਚ ਵੱਜ ਰਿਹਾ ਹੁੰਦਾ ਹੈ। ਉਹਨਾਂ ਨੂੰ ਵੀ ਇਹ ਕੰਮਬਖ਼ਤ ਕੋਈ ਸੁੱਖ ਨਹੀਂ ਪਹਚਾਉਂਦਾ। ਪਰ ਇਹ ਦੁੱਖਦਾਇਕ ਸਾਰਿਆ ਵਾਸਤੇ ਸਾਬਤ ਹੁੰਦਾ ਹੈ।

**<u>ਆਉ ਕੁੱਝ ਧਰਮ ਕਮਾਈਏ</u>:-**

ਜੇ ਅਸੀਂ ਸਚ ਹੀ ਧਰਮ ਦੇ ਰਾਹ ਤੇ ਚੱਲਣ ਦੇ ਬਹੁੜੇ ਬਹੁਤ ਵੀ ਦਾਵੇਦਾਰ ਹਾ ਤਾਂ ਸਾਨੂੰ ਧਰਮ ਹੀ ਕਮਾਉਂਣਾ ਚਾਹੀਦਾ ਹੈ। ਇਨਸਾਨ ਦਾ ਧਰਮ ਕੀ ਹੈ?

ਆਕਾਲ ਪੁਰਖ਼ ਕਰਤਾਰ ਦੀ ਸਾਜੀ ਹੋਈ ਸ੍ਰਿਸ਼ਟੀ ਦੇ ਜੀਵਾਂ ਨੂੰ ਆਪਣੀ ਸਮਰੱਥਾ ਅਨੁਸਾਰ ਸੁੱਖ ਪ੍ਰਦਾਨ ਕਰਕੇ ਸ੍ਰਿਸ਼ਟੀ ਦੇ ਮਾਲਕ ਦੀਆਂ ਖੁਸ਼ੀਆਂ ਹਾਸਲ ਕਰਨੀਆਂ ਤੇ ਉਸ ਵਿਚ ਅਭੇਦ ਹੋ ਜਾਣਾ। ਪਰ ਕੀ ਅਸੀਂ ਇੰਜ ਕਰਨ ਦੀ ਕੋਸ਼ਿਸ਼ ਕਰਦੇ ਹਾਂ?

1.ਜ਼ਰਾ ਖਿਆਲ ਕਰੋ ਉਸ ਮਰੀਜ਼ ਦਾ, ਜਿਹੜਾ ਸਾਡੇ ਮੰਦਿਰਾਂ,ਗੁਰਦਵਾਰੇ ਜਾਂ ਘਰ ਦੇ ਗੁਆਢ ਬੀਮਾਰੀ ਨਾਲ ਜੂਝ ਰਿਹਾ ਹੈ। ਡਾਕਟਰ ਨੇ ਉਸਨੂੰ ਪੂਰਨ ਆਰਾਮ ਦੀ ਤਾਕੀਦ ਕੀਤੀ ਹੋਈ ਹੈ। ਮਿਲਣ ਆਉਣ ਵਾਲਿਆ ਵਾਸਤੇ ਵੀ ਹਦਾਇਤ ਹੈ ਕਿ ਮਰੀਜ਼ ਨਾਲ ਜ਼ਿਆਦਾ ਗੱਲਾਂ ਨਾ ਕੀਤੀਆਂ ਜਾਣ, ਪਰ ਅਸੀਂ ਉਸ ਦੀ ਕੰਧ ਤੋਂ ਦੂਜੇ ਪਾਸੇ ਫੁੱਲ ਆਵਾਜ਼ ਵਿਚ ਲਾਊਡ ਸਪੀਕਰ ਵਜਾ ਰਹੇ ਹਾਂ। ਸ਼ਾਇਦ ਅਸੀਂ ਸੋਚਦੇ ਹਾਂ ਕਿ ਕੋਈ ਮਰਦਾ ਹੈ ਤਾਂ ਮਰੇ ਅਸੀਂ ਆਪਣੇ ਧਾਰਮਿਕ ਕਾਰਜਾ ਵਿਚ ਵਿਘਨ ਕਿਉਂ ਪੈਣ ਦੇਈਏ? ਹਾਂ ਸਪੀਕਰ ਬਿਨਾਂ ਵਿਘਨ ਤਾਂ ਪੈਂਦਾ ਹੀ ਹੈ ਨਾ? ਅੱਜ ਦੇ ਘਟੀਆ, ਮਿਲਾਵਟੀ, ਜ਼ਹਿਰੀਲੀ ਖੁਰਾਕ ਅਤੇ ਵਿਸ਼ੀਲੇ ਵਾਯੂਮੰਡਲ ਕਾਰਨ ਅਤੇ ਰੁਝੇਵਿਆਂ ਤੇ ਪ੍ਰੇਸ਼ਾਨੀਆਂ ਕਾਰਨ ਹਰ ਘਰ ਵਿਚ ਕਿਸੇ ਨਾ ਕਿਸੇ ਦੇ ਤਾਂ ਸਿਰ ਦਰਦ ਹੁੰਦੀ ਹੀ ਰਹਿੰਦੀ ਹੈ। ਤੇ ਸਿਰ ਦਰਦ ਵਾਲੇ ਵਿਚਾਰਿਆ ਵਾਸਤੇ ਇਹ ਲਾਊਡ ਸਪੀਕਰ ਕਿੰਨਾਂ ਦੁਖਦਾਈ ਹੁੰਦਾ ਹੈ, ਕਦੇ ਸੋਚਿਆ ਹੈ ਆਪਾਂ ਹੋਵੇ ਧਰਮੀ ਕਰਮੀ ਬੰਦੇ।

2. ਬੱਚੇ ਕਿਸੇ ਵੀ ਕੌਮ ਦਾ ਭਵਿੱਖ ਹਨ। ਇਸ ਕੌਮ ਦੇ ਭਵਿੱਖ ਬਨਾਉਂਣ ਲਈ ਅਸੀਂ ਔਖੇ ਹੋ ਕੇ ਵੀ ਚੰਗੇ ਤੋ ਚੰਗੇ ਅਤੇ ਮਹਿੰਗੇ ਤੋ ਮਹਿੰਗੇ ਸਕੂਲ ਵਿਚ ਬੱਚਿਆ ਨੂੰ ਪੜਨ ਭੇਜਦੇ ਹਾਂ।ਅੱਜ ਕਲ ਪੜ੍ਹਾਈਆ ਦਾ ਬੋਜ ਇਨਾ ਵੱਧ ਗਿਆ ਹੈ ਕਿ ਸਕੂਲ ਵਿਚ ਹੋਈ ਪੜ੍ਹਾਈ ਨਾਲੋਂ ਕਿਤੇ ਜ਼ਿਆਦਾ ਬੱਚਿਆ ਨੂੰ ਘਰ ਵਿਚ ਪੜ੍ਹਾਈ ਕਰਨੀ ਪੈਦੀ ਹੈ। ਬੱਚਾ ਸਕੂਲ ਦਾ ਵਿਦਿਆਰਥੀ ਹੈ ਜਾਂ ਕਾਲਜ ਦਾ, ਉਸਨੂੰ ਅੱਛੇ ਨੰਬਰਾਂ ਨਾਲ ਪਾਸ ਹੋਣ ਵਾਸਤੇ ਦੇਰ ਰਾਤ ਤੱਕ ਵੀ ਪੜ੍ਹਨਾ ਪੈਂਦਾ ਹੈ ਅਤੇ ਸਵੇਰੇ ਵੀ ਸੁਵੱਖਤੇ ਉਠਕੇ ਪੜ੍ਹਨਾ ਪੈਂਦਾ ਹੈ ਅਤੇ ਖੁਸ਼ਕਿਸਮਤੀ ਨੂੰ ਉਹੀ ਵੇਲਾ ਸਾਡੇ ਲਾਊਡ ਸਪੀਕਰਾਂ ਦਾ ਅੰਮ੍ਰਿਤ ਵੇਲਾ ਜਾਂ ਸੰਧਿਆ ਸਮਾਂ ਹੁੰਦਾ ਹੈ। ਗਲੀ ਗੁਆਂਢ ਦੇ ਬੱਚਿਆਂ ਦਾ ਭਾਵੇਂ ਕੱਲ ਸਵੇਰੇ ਸਾਲਾਨਾ ਇਮਤਿਹਾਨ ਹੋਣਾ ਹੋਵੇ ਪਰ ਆਪਾਂ ਆਪਣਾ ਧਰਮ ਕਰਮ ਕਿਵੇਂ ਲਾਊਡ ਸਪੀਕਰਾਂ ਤੋਂ ਬਿਨ੍ਹਾਂ ਕਰ ਲਈਏ? ਆਖਰ ਪਾਠ, ਪੂਜਾ, ਕੀਰਤਨ, ਜਗਰਾਤੇ ਲਾਊਡ ਸਪੀਕਰ ਬਿਨ੍ਹਾਂ ਚੰਗੇ ਲੱਗਦੇ ਨੇ ਕਿਤੇ? ਪਿਛਲੇ ਸਾਲ ਸਾਡੇ ਗੁਵਾਂਢੀਆਂ ਨੇ ਵੀ ਤਾਂ ਉਸੇ ਦਿਨ ਰੈਣ ਸਬਾਈ ਕੀਰਤਨ ਕਰਵਾਇਆ ਸੀ ਜਿਸ ਸਵੇਰੇ ਸਾਡੇ ਮੁੰਡੇ ਦਾ ਫ਼ਾਈਨਲ ਪੇਪਰ ਸੀ। ਉਂਜ ਜਰਾ ਸੋਚੀਏ ਤਾਂ ਬੱਚਿਆਂ ਦੀ ਜਿੰਦਗੀ ਤੇ ਇਹ ਜ਼ੁਲਮ ਕਰਨ ਤੋਂ ਮਗਰੋਂ ਵੀ ਅਸੀਂ 'ਜਗਤ ਭਲਾ ਲੋਚਦੇ ਧਰਮੀ ਮਨੁੱਖ' ਕਹਾਉਣ ਦੇ ਕਾਬਲ ਰਹਿ ਜਾਂਦੇ ਹਾਂ?

3. ਅਜ ਕੱਲ ਰੋਜੀ ਰੋਟੀ ਦਾ ਮੁਆਮਲਾ ਸਭ ਤੋਂ ਗੰਭੀਰ ਬਣਿਆ ਹੋਇਆ ਹੈ। ਪੇਟ ਪੂਰਤੀ ਵਾਸਤੇ ਇਨਸਾਨ ਰਾਤ ਦਿਨ ਜਿਹੋ ਜਿਹਾ ਤੇ ਜਿਸ ਵੇਲੇ ਕਰਨ ਵਾਲਾ ਵੀ ਕੰਮ ਮਿਲੇ, ਕਰਨ ਨੂੰ ਤਿਆਰ ਰਹਿੰਦਾ ਹੈ। ਰੁਝੇਵੇਂ ਵਧ ਗਏ ਹਨ। ਕੰਮ ਕਾਰ ਸਿਰਫ਼ ਰਾਤ ਨੂੰ ਹੀ ਨਹੀ ਦਿਨ ਨੂੰ ਚੱਲਦੇ ਰਹਿੰਦੇ ਹਨ।ਆਉ ਜ਼ਰਾ ਸੋਚੀਏ ਕਿ ਰਾਤ ਦੀ ਸ਼ਿਫ਼ਟ ਵਿਚ ਕੰਮ ਕਰਕੇ ਅੱਠ ਘੰਟੇ ਹੱਡ ਭੰਨਕੇ ਜਿਹੜਾ ਮਿਹਨਤੀ ਅੱਧੀ

ਰਾਤ 12 ਵਜੇ ਛੁੱਟੀ ਮਿਲਨ ਤੇ ਇਕ ਵਜੇ ਘਰ ਮੁੜਿਆ ਹੈ। ਕੁਝ ਖਾਦੇ ਪੀਦੇ ਨੂੰ ਡੇਢ ਦੋ ਵੱਜ ਗਏ ਹਨ ਤੇ ਦੋ ਢਾਈ ਵਜੇ ਉਸਦੀ ਅੱਖ ਲੱਗੀ ਹੀ ਹੈ ਕਿ ਤਿੰਨ ਚਾਰ ਵਜੇ ਇਕ ਦਮ ਆਸੇ ਪਾਸੇ ਦੇ ਚਾਰ ਪੰਜ ਲਾਊਡ ਸਪੀਕਰਾਂ ਨੇ ਉਸ ਦੀ ਮਿੱਠੀ ਨੀਂਦ ਤੇ ਹਮਲਾ ਬੋਲ ਦਿੱਤਾ ਹੈ ਤਾਂ ਉਸ ਪਾਸ ਕਿਹੜਾ ਰਸਤਾ ਰਹਿ ਗਿਆ ਹੈ ਆਪਣੇ ਬਚਾਅ ਦਾ? ਜੇ ਸੌਂਦਾ ਹੈ ਤਾਂ ਉਸਨੂੰ ਸੌਣ ਨਹੀਂ ਦਿੱਤਾ ਜਾਂਦਾ ਜੇ ਨਹੀਂ ਸੌਂਦਾ ਤਾ ਅਗਲੀ ਰਾਤ ਡਿਊਟੀ ਕਿਵੇਂ ਦੇਵੇਗਾ? ਆਪਣੇ ਆਹਲਣੇ ਦੇ ਬੋਟਾਂ ਦੇ ਮੂੰਹ ਵਿਚ ਦਾਣਾ ਕਿਵੇਂ ਪਾਵੇਗਾ? ਰਹੀ ਗੱਲ ਉਸਦੇ ਧਰਮ ਕਰਮ ਦੀ। ਕਿਹਾ ਜਾਂਦਾ ਹੈ-'ਜਬ ਜਾਗੇ ਤਬੀ ਸਵੇਰਾ' ਜਦ ਉਹ ਪੂਰੀ ਨੀਂਦ ਲੈ ਕੇ ਉੱਠੇਗਾ ਉਹ ਪਾਠ ਪੂਜਾ ਵੀ ਕਰ ਲਊ। ਪ੍ਰਮਾਤਮਾ ਨੂੰ ਵੀ ਉਸ ਦੀਆਂ ਮਜ਼ਬੂਰੀਆ ਦਾ ਪਤਾ ਹੀ ਹੈ। ਉਹ ਉਸਨੂੰ ਸਮੇਂ ਦੀ ਛੋਟ ਦੇ ਸਕਦਾ ਹੈ। ਉਹ ਸਦਾ ਕ੍ਰਿਪਾਲੂ ਹੈ, ਉਹ ਕ੍ਰਿਪਾ ਕਰੇਗਾ। ਕਰਤਾ ਪੁਰਖ ਨੇ ਜਿਸ ਨੂੰ ਰਚਿਆ ਹੈ ਉਸਦੇ ਦੁੱਖ ਸੁੱਖ ਉਹ ਤਾਂ ਖਿਆਲ ਰੱਖੇਗਾ ਹੀ। ਪਰ ਅਸੀਂ ਆਪਣੇ ਐਸੇ ਗੁਵਾਂਢੀਆਂ ਦਾ ਕਿੰਨਾਂ ਕੁ ਖਿਆਲ ਰੱਖਿਆ ਹੈ? ਵੱਧ ਤੋ ਵੱਧ ਤਾਕਤ ਵਾਲਾ ਲਾਊਡ ਸਪੀਕਰ ਲਾ ਕੇ? ਆਪਾਂ ਨੂੰ ਵੀ ਤਾਂ 'ਹਮ ਸਾਏ ਮਾਂ ਪਿਉ ਜਾਏ' ਦਾ ਕੁੱਝ ਖਿਆਲ ਰੱਖਣਾ ਚਾਹੀਦਾ ਹੈ। ਆਖ਼ਰ ਆਪਾ 'ਧਰਮੀ ਬੰਦੇ' ਹਾਂ।

4. ਸੰਸਾਰ ਵਿਚ ਜੋ ਵੀ ਚੀਜ਼ ਬਣੀ ਹੈ, ਭਾਵੇ ਉਹ ਸਿੱਧੀ ਆਕਾਲ ਪੁਰਖ ਦੀ ਰਚਨਾ ਹੋਵੇ ਜਾਂ ਉਸ ਕਰਤਾਰ ਨੇ ਸਾਡੇ ਹੱਥੋ ਉਸਦੀ ਰਚਨਾਂ ਕਰਵਾਈ ਹੋਵੇ ਉਸ ਚੀਜ ਦੇ ਕੰਮ ਕਰਨ ਦੀ ਜਾਂ ਵਿਪਰੀਤ ਹਾਲਤਾ ਨੂੰ ਸਹਿ ਸਕਣ ਦੀ ਆਪਣੀ ਸਮੱਰਥਾ ਹੁੰਦੀ ਹੈ। ਤੇ ਐ ਮੇਰੇ ਸੂਝਵਾਨ ਮਿਹਰਬਾਨੋ, ਇਹ ਗੱਲ ਸਾਇੰਸ ਵੱਲੋ ਵੀ ਤੇ ਆਮ ਵਰਤਾਰੇ ਵੱਲੋ ਵੀ ਸਿੱਧ ਹੋ ਚੁੱਕੀ ਹੈ ਕਿ ਸਾਡੇ ਦਿਮਾਗ਼ ਤੇ ਕੰਨ ਲਾਊਡ ਸਪੀਕਰ ਦੀ ਅਤਿ ਉੱਚੀ ਮਾਰ ਨੂੰ ਸਹਿ ਸਕਣ ਦੇ ਸਮਰੱਥ ਨਹੀਂ ਹਨ। ਜੇ ਅਸੀਂ ਉਹਨਾਂ ਦੀ ਸਹਿਣ ਸ਼ੀਲਤਾ ਦਾ ਇਮਤਿਹਾਨ ਲੈਂਦੇ ਰਹਾਂਗੇ ਤਾਂ ਇਕ ਦਿਨ ਉਹ ਜ਼ਰੂਰ ਜਵਾਬ ਦੇ ਜਾਣਗੇ। ਬੋਲੇ ਜਾਂ ਅਰਧ ਬੋਲੇ ਹੋਵੇ ਕੰਨ ਤੇ ਦਿਮਾਗ਼ ਦੀਆਂ ਫਟਦੀਆਂ ਨਾਲੀਆਂ ਦਾ ਇਕ ਕਾਰਨ ਸਾਡੇ ਸੰਸਾਰ ਵਿਚ ਅਸਹਿਣ ਯੋਗ ਉਚੀਆਂ ਆਵਾਜ਼ਾਂ ਵੀ ਹਨ। ਕੀ ਅਸੀਂ ਪ੍ਰਭੂ ਦੀ ਕਲਾਕਿਤ੍ਰੀ ਦੇ ਸ਼ਾਹਕਾਰ ਇਨਸਾਨ ਦੇ ਦਿਮਾਗ਼ ਦੀਆ ਨਸਾ ਪਾੜ ਦੇਣ ਦੇ ਕਾਰਨ ਬਣਕੇ ਵੀ ਉਸ ਪ੍ਰਭੂ ਨੂੰ 'ਪਿਆਰੇ' ਰਹਿ ਜਾਂ ਬਣ ਸਕਦੇ ਹਾਂ? ਜ਼ਰਾ ਸੋਚੋ ਤਾਂ ਸਹੀ।

5. ਚਲੋ ਜੇ ਅਸੀ ਹੋਰ ਜੀਵ ਆਤਮਾਵਾ ਦੇ ਸੁਖ ਦਾ ਖਿਆਲ ਰੱਖਣ ਨੂੰ ਆਪਣਾ ਪਵਿੱਤਰ ਫ਼ਰਜ਼ ਨਾ ਵੀ ਮੰਨੀਏ ਤਾਂ ਘੱਟੋ ਘੱਟ ਧਰਮੀ ਪੁਰਖਾਂ ਦੀ ਸੇਵਾ ਕਰਨਾ ਉਹਨਾਂ ਦੇ ਸੁੱਖ ਦਾ ਖਿਆਲ ਰੱਖਣਾ ਤਾਂ ਸਾਡਾ ਧਾਰਮਕ ਫ਼ਰਜ਼ ਬਣਦਾ ਹੈ। ਹੋਰ ਧਰਮਾਂ ਵਾਂਗ ਹੀ ਗੁਰਸਿੱਖੀ ਵਿਚ ਪੂਜਾ ਨਹੀਂ ਤਾਂ ਘੱਟੋ ਘੱਟ ਪਾਠ ਕਰਨਾ ਤਾਂ ਜ਼ਰੂਰੀ ਹੈ ਹੀ। ਜ਼ਿਆਦਾ ਗੁਰਦਵਾਰਿਆ ਵਿਚ ਅੱਜਕਲ ਨਿਤਨੇਮ ਦੀਆਂ ਬਾਣੀਆਂ ਦੀ ਥਾਂ ਕਿਸੇ ਹੋਰ ਵਿਸ਼ੇਸ਼ ਬਾਣੀ ਦਾ ਪਾਠ ਜਾਂ ਕੀਰਤਨ ਹੁੰਦਾ ਹੈ। ਬਾਣੀਆਂ ਤਾ ਸਾਰੀਆਂ ਪਵਿੱਤਰ ਹਨ, ਕਲਿਆਣਕਾਰੀ ਹਨ ਪਰ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਸਿੰਘ ਵਾਸਤੇ ਸਭ ਤੋਂ ਪਹਿਲਾਂ ਜ਼ਰੂਰੀ ਹੈ। ਪਰ ਐ ਧਰਮੀ ਮਹਾਂਪੁਰਖੋਂ ਨਿੱਤ ਨੇਮ ਦਾ ਪਾਠ ਕਰਨ ਵਾਲਾ ਗੁਰ ਸਿੱਖ ਇਹ ਪਾਠ ਕਰੇ ਕਦੋਂ? ਅਤੇ ਕਿੱਥੇ? ਅੰਮ੍ਰਿਤਵੇਲੇ

ਤਾ ਪਿੰਡਾ ਮੁਹੱਲਿਆ ਵਿਚ ਆਵਾਜ਼ ਦਿੱਤਿਆ ਆਵਾਜ਼ ਨਹੀਂ ਸੁਣਦੀ। ਗੁਰਬਾਣੀ ਦੇ ਪਾਠ ਵਿਚ ਬਿਰਤੀ ਲੱਗੇ ਤਾਂ ਲੱਗੇ ਕਿਵੇਂ? ਇਕਾਗਰ ਚਿੱਤ ਹੋਈਏ ਤਾ ਹੋਈਏ ਕਿਵੇਂ? ਸੋ ਮੇਰੇ ਸਤਿਕਾਰ ਯੋਗ ਤੇ ਮੇਰੇ ਵਰਗੇ ਮੂਰਖ਼ ਬੰਦੇ ਨਲੋਂ ਅਤਿਅੰਤ ਸਿਆਣੇ ਤੇ ਵਿਦਵਾਨ ਪੁਰਖੋ, ਜੇ ਹੋਰ ਕਿਸੇ ਤੇ ਨਹੀਂ ਤਾਂ ਨਿੱਤ ਨੇਮ ਕਰਨ ਵਾਲੇ ਪ੍ਰਾਣੀਆ ਤੇ ਹੀ ਆਪਾਂ ਕੁਝ ਤਰਸ ਖਾਈਏ। ਪ੍ਰਭੂ ਦਾ ਨਾਮ ਤਾਂ ਇਨਸਾਨ ਨੂੰ ਅੰਤਰ ਮੁਖੀ ਬਣਾਉਂਦਾ ਹੈ। ਜਗਿਆਸੂ ਪ੍ਰਮਾਤਮਾ ਦੇ ਨੇੜੇ ਹੋਣ ਵਾਸਤੇ ਆਪਣੀ ਅੰਤਰ ਆਤਮਾਂ ਵਿਚ ਟੁੱਭੀ ਮਾਰਨਾ ਲੋਚਦਾ ਹੈ। ਪਰ ਇਹ ਸਾਡੇ ਸਪੀਕਰਾਂ ਦਾ ਰੌਲਾ ਤਾਂ ਅੰਦਰਲੇ ਦਵਾਰ ਹੀ ਬੰਦ ਕਰ ਦਿੰਦਾ ਹੈ ਤੇ ਅਧਰਮ ਕੀ ਹੈ? ਇਹ ਤਾਂ ਤੁਸੀਂ ਆਪ ਹੀ ਸੋਚੋ।

**ਤਾਂ ਫਿਰ ਕਰੀਏ ਕੀ**:-

ਧੌਲ ਧਰਮ ਦਇਆ ਕਾ ਪੂਤ॥
ਸੰਤੋਖ ਥਾਪ ਰਖਿਆ ਜਿਨ ਸੂਤ॥

ਸਾਹਿਬ ਸਤਿਗੁਰੂ ਬਾਬਾ ਨਾਨਕ ਜੀ ਨੇ ਸ਼ਪੱਸ਼ਟ ਫ਼ੁਰਮਾਇਆ ਹੈ ਕਿ ਇਸ ਧਰਤੀ ਨੂੰ ਸੰਤੋਖ ਦੇ ਧਾਗੇ ਵਿਚ ਬੰਨ ਕੇ ਸੰਭਾਲ ਰੱਖਣ, ਥਾਪ ਰੱਖਣ ਵਾਲਾ 'ਧੌਲਾ ਬਲਦ' ਧਰਮ ਹੀ ਹੈ। ਹੋਰ ਕੋਈ ਸਚ ਮੁੱਚ ਦਾ ਬਲਦ ਧਰਤੀ ਦੇ ਹੇਠਾ ਖੜਾ ਨਹੀਂ ਹੈ ਤੇ ਇਹ ਧਰਮ ਦਇਆ ਦਾ ਸਪੁੱਤਰ ਹੈ। ਮਤਲਬ ਕਿ ਧਰਮ ਦਇਆ ਵਿਚੋ ਹੀ ਉਤਪੰਨ ਹੁੰਦਾ ਹੈ। ਸੋ ਧਰਮ ਤਾ ਇੱਕ ਅਟੱਲ ਸਚਾਈ ਹੈ ਅਤੇ ਆਪਣੇ ਆਪਣੇ ਧਰਮ ਅਨੁਸਾਰ ਪਾਠ ਪੂਜਾ ਕਰਨਾ ਅਤੇ ਆਪਣੇ ਆਪਣੇ ਧਰਮ ਦਾ ਪ੍ਰਚਾਰ ਕਰਨਾ ਇਕ ਜਗਤ ਪ੍ਰਣਾਵਿਤ ਹੱਕ ਹੈ। ਪਰ ਲਈ ਇਹ ਬਹੁਤ ਜ਼ਰੂਰੀ ਹੈ ਕਿ ਧਰਮ ਦੀ ਸੇਵਾ ਕਰਦਿਆ ਹੋਇਆ, ਧਰਮ ਦੀ ਮਾਤਾ 'ਦਇਆ' ਨੂੰ ਮਨੋ ਨਾ ਵਿਸਾਰਿਆ ਜਾਵੇ। ਆਪਣੇ ਧਰਮ ਦੀ ਸੇਵਾ ਕਰਦਿਆ ਹੋਇਆ ਅਸੀ ਕਿਤੇ ਦਇਆਹੀਨ ਨਾ ਹੋ ਜਾਈਏ। ਤਰੀਕਾ ਉਹ ਅਪਨਾਈਏ ਜਿਸ ਨਾਲ ਅਸੀਂ ਆਪਣੇ ਧਰਮ ਅਨੁਸਾਰ ਪਾਠ ਪੂਜਾ ਤੇ ਪ੍ਰਚਾਰ ਵੀ ਨਿਰਵਿਘਨ ਕਰਦੇ ਰਹੀਏ ਤੇ ਦੂਜਿਆਂ ਦੇ ਆਰਾਮ ਤੇ ਨਿੱਜੀ ਪਾਠ ਪੂਜਾ ਵਿਚ ਵਿਘਨ ਪਾ ਕੇ ਨਿਰਦਈ ਹੋਣ ਦੇ ਇਲਜਾਮ ਤੋ ਵੀ ਬਚ ਜਾਈਏ।

ਸੋ ਭਾਈ ਸਾਹਿਬ, ਕਰੀਏ ਇੰਜ ਕਿ ਲਾਉਡ ਸਪੀਕਰਾਂ ਦੇ ਵੱਡੇ ਵੱਡੇ ਤੇ ਵੱਧ ਤੋ ਵੱਧ ਆਵਾਜ ਵਾਲੇ ਹੌਰਨਾ ਦੀ ਥਾਂ ਛੋਟੇ ਸਪੀਕਰ ਜਿਹੜੇ ਕਿ ਬਕਸਿਆ ਵਿਚ ਬੰਦ ਮਿਲਦੇ ਹਨ। ਜਿਆਦਾ ਗਿਣਤੀ ਵਿਚ ਆਪਣੇ ਧਰਮ ਅਸਥਾਨ ਜਾਂ ਪੰਡਾਲ ਵਿਚ ਲਾਈਏ। ਤਾਂ ਕਿ ਉਹਨਾਂ ਦੀ ਆਵਾਜ਼ ਉੱਥੋਂ ਤਕ ਹੀ ਪਹੁੰਚ ਸਕੇ ਜਿੱਥੋ ਤਕ ਪਹੁੰਚਾਉਣ ਦੀ ਸਾਨੂੰ ਲੋੜ ਹੈ। ਇਹਨਾਂ ਛੋਟੇ ਸਪੀਕਰਾਂ ਦਾ ਇਕ ਲਾਭ ਇਹ ਵੀ ਹੈ ਕਿ ਇਹ ਵੱਡੇ ਧੂਤੂਆਂ ਵਾਂਗ ਕੰਨ ਪਾੜਵੀ ਆਵਾਜ਼ ਵੀ ਪੈਦਾ ਨਹੀਂ ਕਰਦੇ ਤੇ ਇਹਨਾਂ ਦੀ ਆਵਾਜ਼ ਹੁੰਦੀ ਵੀ ਜਿਆਦਾ ਸਾਫ਼ ਅਤੇ ਸਪੱਸ਼ਟ ਹੈ। ਵੱਡੇ ਧੂਤੂਆਂ ਦਾ ਤਾਂ ਕੇਵਲ ਰੌਲਾ ਹੀ ਸੁਣਦਾ ਹੈ। ਨੇੜੇ ਬੈਠਿਆ ਨੂੰ ਕੋਈ ਗਲ ਸਮਝਣ ਯੋਗ ਹਾਲਤ ਵਿਚ ਨਹੀ ਸੁਣ ਸਕਦੀ। ਆਉ ਆਪਣੇ ਗੁਰਦਵਾਰੇ, ਮੰਦਿਰਾਂ ਵਿਚ ਦੋ ਦੋ, ਚਾਰ ਚਾਰ ਜਾਂ ਜਿੰਨੇ ਜ਼ਰੂਰਤ ਹੋਵੇ ਛੋਟੇ ਸਪੀਕਰ ਫਿੱਟ ਕਰ ਲਈਏ। ਬਾਹਰ ਪੰਡਾਲ ਵਿਚ ਦੀਵਾਨ ਸਜਾਉਣਾ ਹੈ ਤਾਂ ਸ਼ਾਮਿਆਨਿਆ ਦੇ ਵਾਂਸਾਂ ਨਾਲ ਲੋੜ

ਅਨੁਸਾਰ ਛੋਟੇ ਸਪੀਕਰ ਬੰਨ ਲਈਏ। ਇਸੇ ਤਰਾਂ ਰੈਣ ਸਬਾਈ ਕੀਰਤਨ ਤੇ ਜਗਰਾਤਿਆ ਵਿਚ ਵੀ ਕੀਤਾ ਜਾ ਸਕਦਾ ਹੈ। ਇਸ ਨਾਲ ਜਿੱਥੇ ਲੋੜ ਮੁਤਾਬਕ ਅਸੀਂ ਆਵਾਜ਼ ਪਹੁੰਚਾ ਸਕਾਂਗੇ ਉੱਥੇ ਇਹ ਆਵਾਜ਼ ਹੋਵੇਗੀ ਵੀ ਜ਼ਿਆਦਾ ਸਪੱਸ਼ਟ ਅਤੇ ਰਸ-ਭਿੰਨੀ।

ਅੰਤ ਵਿਚ ਮੈਂ ਬੇਨਤੀ ਕਰਾਂਗਾ ਕਿ ਜੇ ਮੇਰੇ ਸੁਝਾਅ ਅਨੁਸਾਰ ਆਪਜੀ ਦਾ ਮਕਸਦ ਪੂਰਾ ਹੋ ਜਾਂਦਾ ਹੋਵੇ ਤਾਂ ਕ੍ਰਿਪਾ ਕਰਕੇ ਆਪਣੇ ਪ੍ਰਬੰਧ ਵਿਚ ਉਪਰੋਕਤ ਤਬਦੀਲੀ ਕਰਕੇ ਦਾਸ ਨੂੰ ਧਨਵਾਦੀ ਬਣਾਉ ਅਤੇ ਇਕ ਪੱਤਰ(ਭਾਵੇ ਕਾਰਡ ਹੀ)ਦਾਸ ਨੂੰ ਵੀ ਲਿਖ ਦੇਣਾ ਤਾਂ ਕਿ ਮੈਨੂੰ ਵੀ ਪਤਾ ਲੱਗ ਸਕੇ ਕਿ ਮੇਰੀ ਬਨਤੀ ਪ੍ਰਵਾਨ ਹੋਈ ਹੈ ਅਤੇ ਮਿਹਨਤ ਸਫਲ ਹੋਈ ਹੈ ਪਰ ਜੇ ਆਪ ਜੀ ਦਾ ਵੱਡਿਆ ਵੱਡਿਆ ਧੂਤੂਆ ਬਿਨਾ ਸਰਦਾ ਹੀ ਨਾ ਹੋਵੇ ਤਾਂ ਵੀ ਆਪਣਾ ਪੱਖ ਦਾਸ ਤੱਕ ਜਰੂਰ ਪਹਚਾਉਣਾ ਤੇ ਜੇ ਤੁਹਾਡਾ ਪੱਖ ਮੇਰੇ ਪੱਖ ਤੋਂ ਵੱਧ ਜ਼ੋਰਦਾਰ ਹੋਇਆ ਤਾਂ ਅੱਗੇ ਤੋਂ ਮੈਂ ਵੀ ਇਹੋ ਪ੍ਰਚਾਰ ਕਰਾਂਗਾ ਕਿ "ਆਓ ਸਪੀਕਰ ਲਾਈਏ"

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।

**ਅਮਰਜੀਤ ਸਿੰਘ ਸੰਧੂ**

421-ਦਕੋਹਾ
ਜਲੰਧਰ-144023
ਫੋਨ. 94636-13528

# ਭੋਲੇ ਭਾ ਮਿਲੇ ਰਘੁਰਾਈ

*ਅਮਰਜੀਤ ਸਿੰਘ ਸੰਧੂ*

ਬੱਚਿਓ ਬਹੁਤ ਪਹਿਲਾਂ ਦੀ ਗੱਲ ਹੈ ਕਿ ਇਕ ਮੁਸਲਮਾਨ ਪੀਰ ਇਕ ਪਿੰਡ ਵਿਚ ਆਇਆ। ਉਹ ਅੱਲਾ ਦੀ ਬੰਦਗੀ ਬਹੁਤ ਕਰਿਆ ਕਰਦਾ ਸੀ। ਉਹ ਘਟ ਖਾਂਦਾ, ਘਟ ਸੌਂਦਾ ਤੇ ਘਟ ਹੀ ਬੋਲਿਆ ਕਰਦਾ ਸੀ। ਪਰ ਜਿੰਨ੍ਹਾਂ ਕੁਝ ਵੀ ਉਹ ਬੋਲਦਾ ਮਿੱਠਾ ਬੋਲਦਾ ਤੇ ਉਸ ਦੇ ਬੋਲ ਸਰੋਤਿਆ ਦੇ ਮਨਾ ਵਿਚ ਘਰ ਕਰ ਜਾਂਦੇ ਸਨ। ਉਸਦੇ ਉਚਾਰੇ ਹੋਏ ਬਚਨ ਸੁਣਨ ਵਾਲਿਆ ਨੂੰ ਸਾਰੀ ਉਮਰ ਯਾਦ ਰਹਿੰਦੇ। ਲੋਕੀਂ ਕੋਸ਼ਿਸ਼ ਕਰਦੇ ਕਿ ਪੀਰ ਜੀ, ਦੇ ਕਹੇ 'ਤੇ ਅਮਲ ਕਰਕੇ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਿਆ ਜਾਵੇ। ਇਕ ਦਿਨ ਪੀਰ ਜੀ ਮਸਜਿਦ ਵਿਚ ਰਬੀ ਸਰੂਪ ਬਾਰੇ ਵਿਖਿਆਨ ਦੇ ਰਹੇ ਸਨ। ਸਾਰੇ ਸਰੋਤੇ ਮੰਤਰ ਮੁਗਧ ਹੋ ਕੇ ਉਸਦੇ ਬਚਨ ਸੁਣ ਰਹੇ ਸਨ। ਖਾਮੋਸ਼ੀ ਇੰਨੀ ਸੀ ਕਿ ਸੂਈ ਸੁੱਟੋ ਤਾਂ ਉਸਦੀ ਆਵਾਜ਼ ਵੀ ਸੁਣ ਪਵੇ। ਪੀਰ ਜੀ ਮਸਤੀ ਵਿਚ ਆਪਣੇ ਅੱਲ੍ਹਾ ਤਾਲਾ ਦੀਆਂ ਸਿਫ਼ਤਾਂ ਸੁਣਾ ਰਹੇ ਸਨ। ਉਹ ਕਹਿ ਰਹੇ ਸਨ-'ਮੇਰਾ ਅੱਲਾ ਤਾਲਾ ਸਭ ਦਾ ਸਿਰਜਣਹਾਰ ਹੈ। ਅਸੀਂ ਸਭ ਉਸੇ ਦੇ ਹੀ ਬਣਾਏ ਹਾਂ। ਉਹ ਸਭ ਨੂੰ ਬਣਾਉਂਦਾ ਹੈ। ਪਰ ਉਸ ਨੂੰ ਕਿਸੇ ਨੇ ਨਹੀਂ ਬਣਾਇਆ। ਉਹ ਕਿਸੇ ਮਾਂ ਬਾਪ ਤੋਂ ਪੈਦਾ ਨਹੀਂ ਹੋਇਆ। ਉਹ ਆਪਣੇ ਆਪ ਹੀ ਪੈਦਾ ਹੋਇਆ ਹੈ। ਅਲ੍ਹਾ ਤਾਲਾ ਦਾ ਕੋਈ ਭੈਣ ਭਰਾ ਨਹੀਂ। ਉਸਦਾ ਕੋਈ ਰਿਸ਼ਤੇਦਾਰ ਨਹੀਂ।

ਪੀਰ ਜੀ ਇਉਂ ਹੀ ਕਹਿੰਦੇ ਜਾ ਰਹੇ ਸਨ ਕਿ ਇਕ ਬਾਲਕ ਉੱਚੀ ਉੱਚੀ ਰੋਣ ਲੱਗ ਪਿਆ ਸਭ ਦਾ ਧਿਆਨ ਉਸ ਬਾਲਕ ਵੱਲ ਖਿੱਚਿਆ ਗਿਆ। ਬਾਲਕ ਬਹੁਤ ਹੀ ਗਰੀਬੜਾ ਅਤੇ ਗੰਦਾ ਮੰਦਾ ਜਿਹਾ ਸੀ। ਉਸਦੇ ਵਾਲ ਗੰਦੇ ਅਤੇ ਬੁਰੀ ਤਰ੍ਹਾਂ ਉਲਝੇ ਹੋਏ ਸਨ। ਮੂੰਹ ਤਾਂ ਜਿਵੇਂ ਕਦੀ ਧੋਤਾ ਹੀ ਨਾ ਹੋਵੇ। ਹੱਥ ਪੈਰ ਮੈਲ ਅਤੇ ਠੰਢ ਨਾਲ ਫੁੱਟੇ ਪਏ ਸਨ। ਬਾਲਕ ਦਾ ਰੋਣਾ ਸੁਣ ਕੇ ਸਾਰੇ ਉਸ ਵਲ ਦੇਖਣ ਲੱਗੇ। ਸਾਰੇ ਹੈਰਾਨ ਸਨ ਕਿ ਇਸ ਬੱਚੇ ਦਾ ਇੱਥੇ ਕੀ ਕੰਮ। ਪੀਰ ਜੀ ਦੀ ਸਿੱਖਿਆ ਸੁਣਨ ਤਾਂ ਸਿਰਫ ਸਿਆਣੇ ਲੋਕ ਹੀ ਆਉਂਦੇ ਸਨ। ਕੁਝ ਤਾਂ ਉਸਨੂੰ ਝਿੜਕਣ ਵੀ ਲੱਗੇ ਕਿ ਉਸ ਨੇ ਇੱਥੇ ਆ ਕੇ ਰੋਣਾ ਸ਼ੁਰੂ ਕਰਕੇ ਉਹਨਾਂ ਦੀਆਂ ਟਿਕੀਆਂ ਹੋਈਆਂ ਬਿਰਤੀਆਂ ਨੂੰ ਭੰਗ ਕਰ ਦਿੱਤਾ ਹੈ।

ਕੁਝ ਚੰਗੇ ਪੁਰਖ ਉਸਨੂੰ ਪਿਆਰ ਨਾਲ ਪੁੱਛਣ ਲੱਗੇ ਕਿ ਐ ਬਾਲਕ! ਤੈਨੂੰ ਕੀ ਤਕਲੀਫ਼ ਹੈ, ਤੂੰ ਕਿਉਂ ਰੋਂਦਾ ਹੈ। ਪਰ ਬਾਲਕ ਸੀ ਕਿ ਹੋਰ ਉੱਚੀ ਉੱਚੀ ਰੋਣ ਲੱਗ ਪਿਆ। ਬਹੁਤ ਪਿਆਰ ਦਿਲਾਸਾ ਦੇਣ 'ਤੇ ਉਸਨੇ ਦੱਸਿਆ ਕਿ ਉਸ ਨੂੰ ਅੱਲਾ

ਤਾਲਾ ਦੀ ਹਾਲਤ ਸੁਣ ਕੇ ਰੋਣ ਆ ਗਿਆ ਸੀ। ਉਹ ਕਹਿਣ ਲੱਗਾ 'ਅੱਲ੍ਹਾ ਤਾਲਾ' ਦਾ ਮਾਂ ਬਾਪ ਨਹੀਂ ਹੈ। ਉਸਦਾ ਕੋਈ ਰਿਸ਼ਤੇਦਾਰ ਨਹੀਂ ਹੈ। ਹਾਏ ਉਹ ਤਾਂ ਬਿਲਕੁਲ ਮੇਰੇ ਵਰਗਾ ਹੀ ਅਨਾਥ ਹੈ। ਉਹ ਤਾਂ ਮੇਰਾ ਹੀ ਭਰਾ ਹੈ। ਮੈਨੂੰ ਤਾਂ ਫਿਰ ਵੀ ਲੋਕਾਂ ਦੇ ਪਸ਼ੂ ਚਾਰ ਕੇ ਰੁਖੀ ਸੁੱਕੀ ਰੋਟੀ ਮਿਲ ਜਾਂਦੀ ਹੈ ਉਸਨੂੰ ਪਤਾ ਨਹੀਂ ਕਦੀ ਰੋਟੀ ਵੀ ਮਿਲਦੀ ਹੋਈ ਕਿ ਨਾ। ਮੈਨੂੰ ਉਸ 'ਤੇ ਬਹੁਤ ਤਰਸ ਆਉਂਦਾ ਹੈ। ਇਸੇ ਕਰਕੇ ਮੇਰਾ ਰੋਣ ਨਿਕਲ ਗਿਆ ਸੀ।

ਲੋਕਾਂ ਨੇ 'ਬੱਚਿਆਂ ਦੀਆਂ ਬੱਚਿਆਂ ਵਰਗੀਆਂ ਗੱਲਾਂ' ਕਹਿਕੇ ਉਸਨੂੰ ਚੁਪ ਕਰਾਇਆ ਤੇ ਕਿਹਾ, 'ਜਾਹ ਕਾਕਾ, ਜਾਕੇ ਖੇਡ, ਇਹ ਗਲਾਂ, ਤੇਰੀ ਸਮਝ ਵਿਚ ਆਉਣ ਵਾਲੀਆਂ ਨਹੀਂ ਹਨ।' ਬਾਲਕ ਉਠ ਤਾਂ ਗਿਆ ਪਰ ਇਹ ਗੱਲ ਉਸਦੇ ਦਿਮਾਗ ਵਿਚ ਬੈਠ ਗਈ ਕਿ ਅੱਲਾ ਤਾਲਾ ਵੀ ਉਸੇ ਵਰਗਾ ਯਤੀਮ ਹੈ। ਉਹ ਸੋਚਦਾ ਰਹਿੰਦਾ, 'ਕਿਤੇ ਅੱਲਾ ਤਾਲਾ ਮਿਲ ਪਵੇ ਤਾਂ ਮੈਂ ਉਸਨੂੰ ਆਪਣੇ ਨਾਲ ਹੀ ਰੱਖ ਲਵਾਂ। ਅਸੀਂ ਦੋਵੇਂ ਭਰਾ ਇਕੱਠੇ ਪਸ਼ੂ ਚਾਰਿਆ ਕਰੀਏ। ਮੇਰੇ ਨਾਲ ਪਿੰਡ ਦਾ ਕੋਈ ਵੀ ਮੁੰਡਾ ਖੇਡ ਕੇ ਰਾਜੀ ਨਹੀਂ ਤੇ ਜੇ ਕੋਈ ਖੇਡਣ ਲੱਗ ਵੀ ਪਵੇ ਤਾਂ ਉਸਦੀ ਮਾਂ ਉਸ ਨੂੰ ਵੀ ਝਿੜਕਦੀ ਝੰਬਦੀ ਹੈ ਤੇ ਮੇਰੇ ਨਾਲ ਖੇਡਣੋਂ ਰੋਕ ਦਿੰਦੀ ਹੈ। ਪਰ ਜੇ ਕਿਤੇ ਅੱਲ੍ਹਾ ਤਾਲਾ ਮਿਲ ਪਵੇ ਤਾਂ ਅਸੀਂ ਦੋਵੇਂ ਭਰਾ ਆਪਸ ਵਿਚ ਹੀ ਖੇਡ ਲਿਆ ਕਰੀਏ। ਅਸੀਂ ਇਕੱਠੇ ਨਿਹਾ ਵੀ ਲਿਆ ਕਰਾਂਗੇ। ਉਹ ਮੇਰਾ ਪਿੰਡਾ ਮਲ ਦਿਆ ਕਰੂ ਤੇ ਮੈਂ ਉਹਦਾ। ਉਹ ਮੇਰੀਆਂ ਜੂੰਆਂ ਕੱਢ ਦਿਆਂ ਕਰੂ ਤੇ ਮੈਂ ਉਹਦੀਆਂ। ਫਿਰ ਤਾਂ ਅਸੀਂ ਵੀ ਸਾਫ਼ ਸੁੱਥਰੇ ਬਣ ਜਾਵਾਂਗੇ ਤੇ ਦਿਲ ਵੀ ਲੱਗਿਆ ਰਹੂ। ਨਾਲੇ ਜਦੋਂ ਅਸੀਂ ਦੋ ਹੋਵਾਂਗੇ ਤਾਂ ਜਦੋਂ ਸਾਨੂੰ ਕੋਈ ਮਾਰਿਆ ਕਰੂਗਾ ਤਾਂ ਅਸੀਂ ਦੋਵੇਂ ਰਲਕੇ ਉਸ ਨੂੰ ਫੜ ਲਿਆ ਕਰਾਂਗੇ। ਫਿਰ ਤਾਂ ਮੌਜਾਂ ਹੋ ਜਾਣਗੀਆਂ। ਪਰ ਇਹ ਤਾਂ ਹੀ ਹੋਵੇ ਜੇ ਕਿਤੇ ਉਹ ਮਿਲ ਪਵੇ।

ਇਕ ਦਿਨ ਉਹ ਫਿਰ ਮਸਜਿਦ ਵਿਚ ਗਿਆ। ਪੀਰ ਜੀ ਕਹਿ ਰਹੇ ਸਨ ਜਿਹੜਾ ਵੀ ਇਨਸਾਨ ਅੱਲ੍ਹਾ ਤਾਲਾ ਨੂੰ ਸੱਚੇ ਦਿਲੋਂ ਪੁਕਾਰਦਾ ਹੈ ਉਹ ਉਸਨੂੰ ਜ਼ਰੂਰ ਮਿਲਦਾ ਹੈ। ਇਹ ਸੁਣਕੇ ਬਾਲਕ ਬੜਾ ਖ਼ੁਸ਼ ਹੋਇਆ। ਉਹ ਉੱਥੋਂ ਕੱਛਾਂ ਵਜਾਉਂਦਾ ਭੱਜਿਆ। ਉਹ ਰੌਲਾ ਪਾਉਂਦਾ ਜਾ ਰਿਹਾ ਸੀ ਕਿ ਅਜ ਮੇਰਾ ਭਰਾ ਜ਼ਰੂਰ ਹੀ ਮੈਨੂੰ ਮਿਲੇਗਾ। ਮੈਂ ਸੱਚੇ ਦਿਲੋਂ ਉਸਨੂੰ ਆਵਾਜ਼ ਮਾਰੂੰਗਾ ਤੇ ਉਹ ਜ਼ਰੂਰ ਆਊਗਾ।

ਫਿਰ ਉਸ ਸੋਚਿਆ–'ਮੇਰਾ ਭਰਾ ਵੀ ਮੇਰੇ ਵਾਂਗੂੰ ਹੀ ਗੰਦਾ ਮੰਦਾ ਹੋਊਗਾ। ਸਿਆਲ ਦੇ ਦਿਨ ਨੇ ਤੇ ਉਹ ਤਾਂ ਕਦੀ ਨਹਾਤਾ ਵੀ ਨਹੀਂ ਹੋਣਾ। ਅੱਜ ਮੈਂ ਆਪ ਉਸਨੂੰ ਜਦ ਉਸਨੇ ਪਸ਼ੂ ਚਾਰਨੇ ਛੱਡੇ ਤਾਂ ਇਕ ਪਤੀਲਾ ਤੇ ਤੀਲਾਂ ਵਾਲੀ ਡੱਬੀ ਵੀ ਨਾਲ ਲੈ ਗਈ। ਪਸ਼ੂ ਖੁਲ੍ਹੀ ਚਰਾਂਦ ਵਿਚ ਚਰਨੇ ਛਡ ਕੇ ਉਸਨੇ ਨਾਲ ਵਹਾਦੇ 'ਚੋ ਪਤੀਲਾ ਪਾਣੀ ਦਾ ਭਰਿਆ ਤੇ ਤਿੰਨਾਂ ਪੱਥਰਾਂ ਦਾ ਚੁੱਲਾ ਜਿਹਾ ਬਣਾ ਕੇ ਉਸ 'ਤੇ ਪਤੀਲਾ ਰੱਖ ਦਿੱਤਾ। ਫਿਰ ਆਸੇ ਪਾਸੇ ਤੋਂ ਸੁੱਕੀਆਂ ਲੱਕੜਾਂ ਇਕੱਠੀਆਂ ਕਰਕੇ ਚੁੱਲ੍ਹੇ ਵਿਚ ਅੱਗ ਬਾਲ ਦਿੱਤੀ ਇਉਂ ਪਾਣੀ ਗ਼ਰਮ ਹੋਣ ਲੱਗਿਆ।

ਇਨੇ ਨੂੰ ਇਕ ਰੱਬ ਦਾ ਪੈਗੰਬਰ ਉਸਦੇ ਕੋਲੋਂ ਦੀ ਲੰਘਿਆ। ਪਤੀਲੇ ਹੇਠ ਅੱਗ ਬਲਦੀ ਵੇਖ ਉਸਨੇ ਬਾਲਕ ਨੂੰ ਪੁੱਛਿਆ–'ਕਿਉਂ ਬਈ ਬੇਗਾਨੇ ਪਸ਼ੂਆਂ ਨੂੰ ਚੋਂ

ਕੇ ਖੀਰ ਬਣਾ ਕੇ ਖਾਣ ਲੱਗਿਆ ਏ?' ਇਹ ਸੁਣ ਕੇ ਬਾਲਕ ਬੋਲਿਆ–ਨਹੀਂ ਬਾਬਾ, ਮੈਂ ਤਾਂ ਆਪਣੇ ਭਰਾ ਨੂੰ ਨਹਾਉਣ ਵਾਸਤੇ ਪਾਣੀ ਤੱਤਾ ਕਰਦਾ ਪਿਆ ਹਾਂ।' ਪੈਗੰਬਰ ਨੇ ਫਿਰ ਪੁੱਛਿਆ–'ਤੇਰਾ ਕਿਹੜਾ ਭਰਾ ਹੈ? ਤੂੰ ਤਾਂ ਸਦਾ ਇਕੱਲਾ ਹੀ ਪਸ਼ੂ ਚਾਰਦਾ ਵੇਖੀਦਾ ਹੈ। ਕੀ ਨਾ ਏ ਤੇਰੇ ਭਰਾ ਦਾ? ਬਾਲਕ ਨੇ ਦੱਸਿਆ ਉਹ ਅੱਜ ਪਹਿਲੇ ਦਿਨ ਹੀ ਮੇਰੇ ਕੋਲ ਆਵੇਗਾ। ਮੈਂ ਉਹਨੂੰ ਸੱਚੇ ਦਿਲੋਂ ਆਵਾਜ਼ ਮਾਰੀ ਤਾਂ ਉਹ ਜ਼ਰੂਰ ਆਊਂਗਾ। ਮੇਰੇ ਭਰਾ ਦਾ ਨਾਂ ਅੱਲ੍ਹਾ ਤਾਲਾ ਹੈ। ਇਹ ਸੁਣਦਿਆਂ ਹੀ ਪੈਗੰਬਰ ਗੁੱਸੇ ਵਿਚ ਆ ਗਿਆ। ਉਸਨੇ ਖਿੱਚ ਕੇ ਇਕ ਚਪੇੜ ਬਾਲਕ ਦੇ ਮੂੰਹ 'ਤੇ ਮਾਰੀ ਤੇ ਬੋਲਿਆ, 'ਹਰਾਮ ਜਾਦੇ ਤੂੰ ਅੱਲ੍ਹਾ ਤਾਲਾ ਨੂੰ ਆਪਣਾ ਭਰਾ ਦੱਸਦਾ ਹੈ? ਤੈਨੂੰ ਸ਼ਰਮ ਨਹੀਂ ਆਉਂਦੀ? ਕਦੀ ਮੂੰਹ ਵੀ ਵੇਖਿਆ ਈ ਆਪਣਾ।' ਇੰਜ ਹੀ ਗੁੱਸੇ ਵਿਚ ਉਬਲਦਾ ਪੈਗੰਬਰ ਅੱਗੇ ਚਲ ਪਿਆ।

ਅਸਲ ਵਿਚ ਉਹ ਪੈਗੰਬਰ ਰੱਬ ਨੂੰ ਪਹੁੰਚਿਆ ਪੁਰਖ ਸੀ। ਉਸਨੇ ਖ਼ੁਦਾ ਦੀ ਏਨੀ ਭਗਤੀ ਕੀਤੀ ਸੀ ਕਿ ਖ਼ੁਦਾ ਉਸ ਨਾਲ ਸਨਮੁੱਖ ਗੱਲਾਂ ਕਰ ਲਿਆ ਕਰਦਾ ਸੀ। ਪਰ ਫਿਰ ਵੀ ਖ਼ੁਦਾ ਕਦੇ ਜਾਹਰੇ ਤੌਰ 'ਤੇ ਉਸਨੂੰ ਦਿੱਸਿਆ ਨਹੀਂ ਸੀ। ਉਸ ਦਿਨ ਵੀ ਪੈਗੰਬਰ ਖ਼ੁਦਾ ਨਾਲ ਗੱਲਾਂ ਕਰਨ ਹੀ ਜਾ ਰਿਹਾ ਸੀ। ਖ਼ੁਦਾ ਦੀ ਆਵਾਜ਼ ਨਾਲ ਲੱਗਦੇ ਪਹਾੜ ਦੇ ਪਿੱਛੋ ਆਉਂਦੀ ਸੀ ਤੇ ਪੈਗੰਬਰ ਪਹਾੜ ਦੇ ਉਰਲੇ ਪਾਸੇ ਖੜਾ ਹੋ ਕੇ ਉਸ ਨਾਲ ਗੱਲਾਂ ਕਰਿਆ ਕਰਦਾ ਸੀ।

ਉਸ ਦਿਨ ਜਦ ਪਹਾੜ ਨੇੜੇ ਪਹੁੰਚਕੇ ਪੈਗੰਬਰ ਨੇ ਮੱਥਾ ਟੇਕ ਕੇ ਖ਼ੁਦਾ ਨੂੰ ਆਵਾਜ਼ ਮਾਰੀ ਤਾਂ ਅੱਗੋ ਕੋਈ ਉਤਰ ਨਾ ਮਿਲਿਆ। ਪੈਗੰਬਰ ਨੇ ਬਹੁਤ ਆਵਾਜ਼ਾ ਮਾਰੀਆਂ। ਪਰ ਖ਼ੁਦਾ ਵੱਲੋਂ ਕੋਈ ਜਵਾਬ ਨਾ ਮਿਲਿਆ। ਅਖ਼ੀਰ ਪੈਗੰਬਰ ਨੇ ਗਿੜਗਿੜਾਉਂਦੇ ਹੋਏ ਪੁੱਛਿਆ ਐ ਖ਼ੁਦਾਵੰਤ ਅੱਲ੍ਹਾ ਤਾਲਾ ਮੇਰੇ ਪਾਸੋਂ ਕੀ ਗ਼ਲਤੀ ਹੋ ਗਈ ਜੋ ਆਪ ਨਰਾਜ਼ ਹੋ ਗਏ ਹੋ ਤੇ ਮੇਰੀ ਆਵਾਜ਼ ਦਾ ਉਤਰ ਵੀ ਨਹੀਂ ਦੇ ਰਹੇ? ਤਾਂ ਪਹਾੜ ਪਿੱਛੋਂ ਆਵਾਜ਼ ਆਈ–'ਐ ਮੂਰਖ! ਮੇਰੇ ਭਰਾ ਨੂੰ ਚਪੇੜਾਂ ਮਾਰਕੇ ਮੇਰੇ ਕੋਲੋਂ ਉਤਰ ਦੀ ਆਸ ਰੱਖਦਾ ਹੈ? ਦਫ਼ਾ ਹੋ ਜਾ ਨਹੀਂ ਤਾਂ ਤੇਰੇ 'ਤੇ ਕਹਿਰ ਢਾਹ ਦਿਆਂਗਾ।'

ਇਹ ਸੁਣਕੇ ਪੈਗੰਬਰ ਹੈਰਾਨ ਹੋ ਗਿਆ। ਸੋਚਣ ਲੱਗਾ ਕਿ ਕੀ ਉਹ ਬਾਲਕ ਸੱਚ ਹੀ ਕਹਿ ਰਿਹਾ ਸੀ। ਕਿ ਸਚ ਮੁਚ ਹੀ ਉਹ ਰੱਬ ਦਾ ਭਰਾ ਸੀ। ਉਹ ਰੋਣ ਹਾਕਾ ਹੋ ਕੇ ਉੱਚੀ ਬੋਲਿਆ 'ਮੇਰੇ ਮਾਲਕ, ਮੇਰੇ ਅੱਲ੍ਹਾ ਤਾਲਾ ਤੇਰੇ ਗੁਨਾਹਗਾਰ ਦਾਸ ਤੋਂ ਭੁੱਲ ਹੋ ਗਈ ਮੈਨੂੰ ਮੁਆਫ਼ ਕਰ ਦੇ ਮੇਰੇ ਖ਼ੁਦਾ! ਪਰ ਮੈਂ ਹੈਰਾਨ ਹਾਂ ਕਿ ਉਹ ਬੱਚਾ ਤੁਹਾਡਾ ਭਰਾ ਕਿਵੇਂ ਹੋਇਆ?

ਫ਼ਿਜਾਂ ਵਿਚ ਗੂੰਜੀ ਇਹ ਤਾਂ ਉਸੇ ਤੋਂ ਜਾ ਕੇ ਪੁੱਛ।

ਪੈਗੰਬਰ ਮੁੜਦੇ ਪੈਰੀ ਉਸ ਬਾਲਕ ਕੋਲ ਪਹੁੰਚਿਆ। ਬਾਲਕ ਅੱਖਾਂ ਮੀਟਕੇ ਕਹਿ ਰਿਹਾ ਸੀ, 'ਮੇਰੇ ਭਰਾਵਾ ਵੇਖ ਪਾਣੀ ਤੱਤਾ ਹੋ ਗਿਆ ਹੈ। ਹੁਣ ਤੂੰ ਛੇਤੀ ਨਾਲ ਆ ਜਾ ਕਿਤੇ ਫਿਰ ਪਾਣੀ ਠੰਡਾ ਨਾ ਹੋ ਜਾਵੇ। ਮੇਰੇ ਵੀਰਿਆਂ ਅੱਜ ਮੈਂ ਤੈਨੂੰ ਮਲ ਮਲ ਕੇ ਨੁਹਾਵਾਂਗਾ। ਊ ਛੇਤੀ ਆ ਜਾ ਮੇਰੇ ਭਰਾਵਾ। ਅਜੇ ਬਾਲਕ ਇੰਜ ਆਵਾਜ਼ਾ ਹੀ ਮਾਰ ਰਿਹਾ ਸੀ। ਕਿ ਪੈਗੰਬਰ ਉਸਦੇ ਪੈਰਾਂ 'ਤੇ ਆ ਡਿੱਗਿਆ ਤੇ

ਮੁਆਫ਼ੀਆਂ ਮੰਗਣ ਲੱਗਿਆ, ਉਹ ਕਹਿਣ ਲੱਗਿਆ, ਮਹਾਨ ਬਾਲਕ ਮੇਰੀ ਗ਼ਲਤੀ ਦੀ ਮੈਨੂੰ ਮੁਆਫ਼ੀ ਦੇ ਦੇ। ਮੈਂ ਤੈਨੂੰ ਪਛਾਣ ਨਾ ਸਕਿਆ। ਮੈਂ ਤਾਂ ਸਾਰੀ ਉਮਰ ਖ਼ੁਦਾ ਦੀ ਬੰਦਗੀ ਕਰਕੇ ਉਸ ਦੀ ਆਵਾਜ਼ ਹੀ ਸੁਣ ਸਕਣ ਦੇ ਕਾਬਿਲ ਹੋਇਆ ਹਾਂ। ਮੈਨੂੰ ਕੀ ਪਤਾ ਸੀ ਕਿ ਤੂੰ ਸੱਚ ਹੀ ਖ਼ੁਦਾ ਦਾ ਭਰਾ ਹੈ? ਐ ਮਿਹਰਬਾਨ ਬਾਲਕ, ਮੇਰਾ ਖ਼ੁਦਾ ਇਸੇ ਕਰਕੇ ਰੁੱਸ ਗਿਆ ਹੈ। ਮੈਨੂੰ ਉਸ ਤੋਂ ਮੁਆਫ ਕਰਵਾ ਦੇਹ ਮੇਰੇ ਖ਼ੁਦਾ ਦੇ ਭਰਾ।'

ਬਾਲਕ ਨੇ ਹੈਰਾਨ ਹੋਕੇ ਪੈਗੰਬਰ ਨੂੰ ਆਪਣੇ ਪੈਰਾਂ ਤੋਂ ਉਠਾਇਆ ਤੇ ਕਿਹਾ ਕਿ ਮੈਨੂੰ ਤੇਰੀਆਂ ਗੱਲਾਂ ਦੀ ਕੋਈ ਸਮਝ ਨਹੀਂ ਆਈ। ਹਾਂ ਊ ਮੈਨੂੰ ਚਪੇੜ ਮਾਰੀ ਸੀ ਇਹੋ ਜਿਹੀਆਂ ਚਪੇੜਾ ਤਾਂ ਮੈਨੂੰ ਕਈ ਮਾਰ ਜਾਂਦੇ ਨੇ। ਪਰ ਜੇ ਤੂੰ ਮੁਆਫੀ ਚਾਹੁੰਦਾ ਹੈ ਤਾਂ ਜਾਹ ਤੈਨੂੰ ਮੁਆਫ ਕੀਤਾ। ਹੁਣ ਤੂੰ ਜਾਹ, ਮੇਰਾ ਭਰਾ ਆ ਗਿਆ ਹੈ ਤੇ ਮੈਂ ਹੁਣ ਉਸਨੂੰ ਨੁਹਾਉਣਾ ਹੈ।

ਇਹ ਸੁਣ ਕੇ ਪੈਗੰਬਰ ਚੀਕਿਆ-'ਕਿਥੇ ਹੈ ਤੇਰਾ ਭਰਾ? ਮੈਨੂੰ ਵੀ ਤਾਂ ਵਿਖਾ? ਬਾਲਕ ਨੇ ਦੱਸਿਆ-'ਆਹ ਵੇਖ ਤੇਰੇ ਪਿੱਛੇ ਹੀ ਤਾਂ ਖੜਾ ਹੈ। 'ਪੈਗੰਬਰ ਨੇ ਪਿੱਛੇ ਮੁੜਕੇ ਵੇਖਿਆ। ਪਿੱਛੇ ਇਕ ਹੋਰ ਬਾਲਕ ਬਿਲਕੁਲ ਆਜੜੀ ਬਾਲਕ ਵਰਗਾ ਹੀ ਖੜਾ ਸੀ। ਪਰ ਉਹ ਕਦੀ ਉਸ ਨੂੰ ਬਾਲਕ ਦਿਸ ਰਿਹਾ ਸੀ ਅਤੇ ਕਦੀ ਅੱਲ੍ਹਾ ਤਾਲਾ ਦਿਸਦਾ ਸੀ। ਪੈਗੰਬਰ ਨੇ ਅੱਲਾ ਤਾਲਾ ਦੇ ਪੈਰ੍ਹਾਂ 'ਤੇ ਸਿਰ ਰੱਖ ਦਿਤਾ। ਪੈਗੰਬਰ ਨੇ ਅੱਲਾ ਤਾਲਾ ਦੇ ਪੈਰਾਂ 'ਤੇ ਸਿਰ ਰੱਖ ਦਿੱਤਾ। ਅੱਲ੍ਹਾ ਤਾਲਾ ਦੀ ਆਵਾਜ਼ ਆਕਾਸ਼ ਵਿਚ ਗੂੰਜੀ, 'ਸੱਚੇ ਤੇ ਗਰੀਬ ਇਨਸਾਨ ਮੈਨੂੰ ਜਿਸ ਰਿਸ਼ਤੇ ਵਿਚ ਵੀ ਬੰਨਣ ਮੈਂ ਬੱਝ ਜਾਂਦਾ ਹਾਂ। ਮੈਂ ਤੇ ਇਹ ਸੱਚਾ ਸੁੱਚਾ ਆਜੜੀ ਸਕੇ ਭਰਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।

**ਅਮਰਜੀਤ ਸਿੰਘ ਸੰਧੂ**

421-ਦਕੋਹਾ
ਜਲੰਧਰ-144023
ਫੋਨ.94636-13528